Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 255 26/12/2024 www.samajweekly.com samajweekly @samajweekly samajweekly

# ਅਜ਼ਰਬੈਜਾਨ ਤੋਂ ਰੂਸ ਜਾ ਰਿਹਾ ਜਹਾਜ਼ ਕਜ਼ਾਕਿਸਤਾਨ 'ਚ ਹੋਇਆ ਹਾਦਸਾਗ੍ਰਸਤ, 42 ਲੋਕਾਂ ਦੀ ਮੌਤ ਦਾ ਖਦਸ਼ਾ

**ਅਸਤਾਨਾ।** ਕਜ਼ਾਕਿਸਤਾਨ ਦੇ ਅਕਤਾਉ ਵਿੱਚ ਬੁੱਧਵਾਰ ਸਵੇਰੇ ਇੱਕ ਯਾਤਰੀ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਜਾਣਕਾਰੀ ਮੁਤਾਬਕ ਜਹਾਜ਼ ਵਿੱਚ 62 ਯਾਤਰੀ ਅਤੇ 5 ਕਰੂ ਮੈਂਬਰ ਸਵਾਰ ਸਨ। ਇਨ੍ਹਾਂ ਵਿੱਚੋਂ 28 ਲੋਕਾਂ ਨੂੰ ਬਚਾ ਲਿਆ ਗਿਆ ਹੈ। 22 ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਜ਼ਖ਼ਮੀਆਂ ਵਿੱਚ ਦੋ ਬੱਚੇ ਵੀ ਸ਼ਾਮਿਲ ਹਨ, ਜਿਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਇਸ ਹਾਦਸੇ 'ਚ 42 ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਇਹ ਜਹਾਜ਼ ਅਜ਼ਰਬੈਜਾਨ ਤੋਂ ਰੂਸ ਦੇ ਚੇਚਨਿਆ ਸੂਬੇ ਦੀ ਰਾਜਧਾਨੀ ਗਰੋਜ਼ਨੀ ਜਾ ਰਿਹਾ ਸੀ, ਪਰ ਕਜ਼ਾਖ ਸ਼ਹਿਰ ਅਕਤਾਊ ਤੋਂ ਲਗਭਗ 3 ਕਿਲੋਮੀਟਰ ਦੂਰ ਐਮਰਜੈਂਸੀ ਲੈਂਡਿੰਗ ਕਰਨੀ ਪਈ। ਜਾਣਕਾਰੀ ਮੁਤਾਬਕ ਸੰਘਣੀ ਧੁੰਦ ਕਾਰਨ ਫਲਾਈਟ ਦਾ ਰੂਟ ਬਦਲਿਆ ਗਿਆ। ਜਹਾਜ਼ ਨੇ ਕਰੈਸ਼ ਹੋਣ ਤੋਂ ਪਹਿਲਾਂ ਹਵਾਈ ਅੱਡੇ ਦੇ ਕਈ ਚੱਕਰ ਲਗਾਏ ਸਨ। ਪਾਇਲਟ ਨੇ ਐਮਰਜੈਂਸੀ ਲੈਂਡਿੰਗ ਦੀ ਇਜਾਜ਼ਤ ਵੀ ਮੰਗੀ ਸੀ। ਹਾਲਾਂਕਿ ਬਾਅਦ 'ਚ ਉਸ ਨੂੰ ਏਅਰਪੋਰਟ ਨੇੜੇ ਬੀਚ 'ਤੇ ਐਮਰਜੈਂਸੀ ਲੈਂਡਿੰਗ ਕਰਵਾਉਣ ਲਈ ਮਜਬੂਰ ਕੀਤਾ ਗਿਆ। ਹਾਦਸਾਗ੍ਰਸਤ ਹੋਇਆ ਜਹਾਜ਼ ਅਜ਼ਰਬਾਈਜਾਨ ਏਅਰਲਾਈਨਜ਼ ਦਾ ਐਮਬ੍ਰੇਅਰ 190 ਮਾਡਲ ਸੀ।



ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ 'ਚ ਦੇਖਿਆ ਜਾ ਰਿਹਾ ਹੈ ਕਿ ਜਹਾਜ਼ ਦੇ ਕਰੈਸ਼ ਹੁੰਦੇ ਹੀ ਅੱਗ ਲੱਗ ਗਈ। ਕਜ਼ਾਕਿ-ਸਤਾਨ ਦੇ ਟਰਾਂਸਪੋਰਟ ਮੰਤਰਾਲੇ ਦਾ ਕਹਿਣਾ ਹੈ ਕਿ ਉਹ ਇਸ ਹਾਦਸੇ ਦੀ ਵਿਸ਼ੇਸ਼ ਜਾਂਚ ਕਰਨਗੇ। ਕਰੈਸ਼ ਦਾ ਕਾਰਨ ਤਕਨੀਕੀ ਸਮੱਸਿਆ ਵੀ ਹੋ ਸਕਦੀ ਹੈ। ਰੂਸੀ ਮੀਡੀਆ ਰਿਪੋਰਟਾਂ ਮੁਤਾਬਕ ਇਹ ਹਾਦਸਾ ਪੰਛੀਆਂ ਦੇ ਝੁੰਡ ਨਾਲ ਟਕਰਾਉਣ ਕਾਰਨ ਵਾਪਰਿਆ। ਕਜ਼ਾਕਿਸਤਾਨ ਦੇ ਐਮਰਜੈਂਸੀ ਮੰਤਰਾਲੇ ਅਨੁਸਾਰ, ਕੁੱਲ 52 ਬਚਾਅ ਟੀਮਾਂ ਅਤੇ 11 ਬਚਾਅ ਉਪਕਰਨਾਂ ਨੂੰ ਹਾਦਸੇ ਵਾਲੀ ਥਾਂ 'ਤੇ ਭੇਜਿਆ ਗਿਆ ਹੈ।

# ਅੱਲੂ ਅਰਜੁਨ ਤੇ 'ਪੁਸ਼ਪਾ-2' ਨਿਰਮਾਤਾਵਾਂ ਵੱਲੋਂ ਮ੍ਰਿਤਕ ਔਰਤ ਦੇ ਪਰਿਵਾਰ ਨੂੰ ਦੋ ਕਰੋੜ ਦੀ ਵਿੱਤੀ ਸਹਾਇਤਾ

**ਹੈਦਰਾਬਾਦ।** ਅਦਾਕਾਰਾ ਅੱਲੂ ਅਰਜੁਨ ਅਤੇ ਫਿਲਮ 'ਪੁਸ਼ਪਾ 2' ਦੇ ਨਿਰਮਾਤਾਵਾਂ ਨੇ 4 ਦਸੰਬਰ ਨੂੰ ਇੱਥੇ ਸੰਧਿਆ ਸਿਨੇਮਾਘਰ ਵਿੱਚ ਫਿਲਮ ਦਿਖਾਉਣ ਦੌਰਾਨ ਮਚੀ ਭਗਦੜ ਵਿੱਚ ਜਾਨ ਗੁਆਉਣ ਵਾਲੀ ਔਰਤ ਦੇ ਪਰਿਵਾਰ ਨੂੰ ਅੱਜ ਦੋ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਇਸ ਵਿਚਾਲੇ, ਤਿਲੰਗਾਨਾ ਸੂਬਾ ਫਿਲਮ ਵਿਕਾਸ ਨਿਗਮ (ਐੱਫਡੀਸੀ) ਦੇ ਪ੍ਰਧਾਨ ਅਤੇ ਪ੍ਰਮੁੱਖ ਨਿਰਮਾਤਾ ਦਿਲ ਰਾਜੂ ਨੇ ਕਿਹਾ ਕਿ ਸਰਕਾਰ ਤੇ ਫਿਲਮ ਜਗਤ ਵਿਚਾਲੇ ਚੰਗੇ ਸਬੰਧਾਂ ਨੂੰ ਉਤਸ਼ਾਹਿਤ ਕਰਨ ਲਈ ਫਿਲਮੀ ਸ਼ਖ਼ਸੀਅਤਾਂ ਦਾ ਇਕ ਵਫ਼ਦ ਤਿਲੰਗਾਨਾ ਦੇ ਮੁੱਖ ਮੰਤਰੀ ਏ ਰੇਵੰਤ ਰੈੱਡੀ ਨਾਲ ਵੀਰਵਾਰ ਨੂੰ ਮੁਲਾਕਾਤ ਕਰੇਗਾ। ਅੱਲੂ ਅਰਜੁਨ ਦੇ ਪਿਤਾ ਤੇ ਨਿਰਮਾਤਾ ਅੱਲੂ ਅਰਵਿੰਦ, ਦਿਲ ਰਾਜੂ ਅਤੇ ਹੋਰ



ਲੋਕ ਨਿੱਜੀ ਹਸਪਤਾਲ ਗਏ। ਭਗਦੜ ਵਿੱਚ ਮਰਨ ਵਾਲੀ ਔਰਤ ਦੇ ਜ਼ਖ਼ਮੀ ਹੋਏ ਜ਼ਖ਼ਮੀ ਹੋਏ ਲੜਕੇ ਦਾ ਇਸ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਡਾਕਟਰਾਂ ਨੇ ਅੱਲੂ ਅਰਵਿੰਦ ਨੂੰ ਦੱਸਿਆ ਕਿ ਲੜਕੇ ਦੀ ਸਿਹਤ ਵਿੱਚ ਸੁਧਾਰ ਹੋ ਰਿਹਾ ਹੈ ਅਤੇ ਹੁਣ ਉਸ ਨੂੰ ਆਕਸੀਜਨ ਤੇ ਵੈਂਟੀਲੇਟਰ ਸਪੋਰਟ ਦੀ ਲੋੜ ਨਹੀਂ ਹੈ। ਇਸ ਤੋਂ ਬਾਅਦ ਅਰਵਿੰਦ ਨੇ ਰਾਹਤ ਮਹਿਸੂਸ ਕੀਤੀ। ਅੱਲੂ ਅਰਵਿੰਦ ਨੇ ਐਲਾਨ ਕੀਤਾ ਕਿ ਲੜਕੇ ਦੇ ਪਰਿਵਾਰ ਦੀ ਮਦਦ ਕਰਨ ਵਾਸਤੇ ਅੱਲੂ ਅਰਜੁਨ ਨੇ ਇਕ ਕਰੋੜ ਰੁਪਏ, ਫਿਲਮ 'ਪੁਸ਼ਪਾ' ਦੀ ਨਿਰਮਾਤਾ ਕੰਪਨੀ ਮੈਤਰੀ ਮੂਵੀ ਮੇਕਰਜ਼ ਨੇ 50 ਲੱਖ ਰੁਪਏ ਅਤੇ ਫਿਲਮ ਦੇ ਡਾਇਰੈਕਟਰ ਸੁਕੁਮਾਰ ਨੇ 50 ਲੱਖ ਰੁਪਏ ਦੀ ਵਿੱਤੀ ਸਹਾਇਤੀ ਦਿੱਤੀ ਹੈ। ਅਰਵਿੰਦ ਨੇ ਦਿਲ ਰਾਜੂ ਨੂੰ ਚੈੱਕ ਸੌਂਪਦਿਆਂ ਅਪੀਲ ਕੀਤੀ ਕਿ ਉਹ ਇਸ ਨੂੰ ਲੜਕੇ ਦੇ ਪਰਿਵਾਰ ਤੱਕ ਪਹੁੰਚਾ ਦੇਣ। ਉਨ੍ਹਾਂ ਦੱਸਿਆ ਕਿ ਕਾਨੂੰਨੀ ਅੜਿੱਕਿਆਂ ਕਰ ਕੇ ਬਿਨਾ ਮਨਜ਼ੂਰੀ ਤੋਂ ਉਹ ਉਨ੍ਹਾਂ ਦੇ ਪਰਿਵਾਰ ਨੂੰ ਸਿੱਧੇ ਤੌਰ 'ਤੇ ਨਹੀਂ ਮਿਲ ਸਕਦੇ ਹਨ।

# ਉੱਤਰ ਪ੍ਰਦੇਸ਼: ਦਹਿਸ਼ਤਗਰਦਾਂ ਦੀਆਂ ਲਾਸ਼ਾਂ ਨੂੰ ਪੰਜਾਬ ਲਿਜਾ ਰਹੀ ਐਂਬੂਲੈਂਸ ਨੂੰ ਹਾਦਸਾ

**ਰਾਮਪੁਰ।** ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਤਿੰਨ ਸ਼ੱਕੀ ਦਹਿਸ਼ਤਗਰਦਾਂ ਦੀਆਂ ਲਾਸ਼ਾਂ ਨੂੰ ਪੰਜਾਬ ਲੈ ਕੇ ਜਾ ਰਹੀ ਐਂਬੂਲੈਂਸ ਨੂੰ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ। ਜ਼ਿਕਰਯੋਗ ਹੈ ਕਿ ਪੰਜਾਬ ਦੇ ਗੁਰਦਾਸਪੁਰ ਵਿੱਚ ਹੋਏ ਗ੍ਰਨੇਡ ਹਮਲੇ ਵਿੱਚ ਕਥਿਤ ਤੌਰ 'ਤੇ ਸ਼ਾਮਲ ਤਿੰਨ ਸ਼ੱਕੀ ਦਹਿਸ਼ਤਗਰਦ ਯੂਪੀ ਦੇ ਜ਼ਿਲ੍ਹਾ ਪੀਲੀਭੀਤ ਵਿੱਚ ਉੱਤਰ ਪ੍ਰਦੇਸ਼ ਤੇ ਪੰਜਾਬ ਪੁਲੀਸ ਦੀ ਸਾਂਝੀ ਟੀਮ ਨਾਲ ਹੋਏ ਮੁਕਾਬਲੇ ਵਿੱਚ ਮਾਰੇ ਗਏ ਸਨ। ਅਧਿਕਾਰੀਆਂ ਨੇ ਦੱਸਿਆ ਕਿ ਐਂਬੂਲੈਂਸ ਨਾਲ ਟੱਕਰ ਦੀ ਘਟਨਾ ਮੰਗਲਵਾਰ ਰਾਤ ਨੂੰ ਰਾਮਪੁਰ ਬਾਈਪਾਸ 'ਤੇ ਵਾਪਰੀ ਤੇ ਇਸ ਦੌਰਾਨ ਕੋਈ ਜ਼ਖ਼ਮੀ ਨਹੀਂ ਹੋਇਆ ਪਰ ਐਂਬੂਲੈਂਸ ਖਰਾਬ ਹੋ ਗਈ। ਇਸ ਤੋਂ ਬਾਅਦ ਲਾਸ਼ਾਂ ਨੂੰ ਕਿਸੇ ਹੋਰ ਵਾਹਨ 'ਚ ਲਿਜਾਇਆ ਗਿਆ। ਰਾਮਪੁਰ ਜ਼ਿਲ੍ਹੇ ਦੇ ਪੁਲੀਸ ਸੁਪਰਡੈਂਟ ਵਿਦਿਆਸਾਗਰ ਮਿਸ਼ਰਾ ਨੇ ਦੱਸਿਆ ਕਿ ਪੀਲੀਭੀਤ ਤੋਂ ਤਿੰਨ ਸ਼ੱਕੀ ਦਹਿਸ਼ਤਗਰਦਾਂ ਦੀਆਂ ਲਾਸ਼ਾਂ ਨੂੰ ਲੈ ਕੇ ਪੰਜਾਬ ਜਾ ਰਹੀ ਐਂਬੂਲੈਂਸ ਨੂੰ ਮੰਗਲਵਾਰ ਦੇਰ ਰਾਤ ਰਾਮਪੁਰ ਬਾਈਪਾਸ 'ਤੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ। ਉਨ੍ਹਾਂ ਕਿਹਾ ਕਿ ਇਸ ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਹਾਦਸੇ ਦੀ ਸੂਚਨਾ ਮਿਲਦੇ ਹੀ ਰਾਮਪੁਰ ਪੁਲੀਸ ਮੌਕੇ 'ਤੇ ਪਹੁੰਚ ਗਈ ਅਤੇ ਲਾਸ਼ਾਂ ਨੂੰ ਨੁਕਸਾਨੇ ਵਾਹਨ ਤੋਂ ਦੂਜੀ ਐਂਬੂਲੈਂਸ 'ਚ ਲਿਜਾਇਆ ਗਿਆ।

# ਗੋਆ ਦੇ ਕਲੰਗੁਟ ਸਮੁੰਦਰ ਤੱਟ ਨੇੜੇ ਕਿਸ਼ਤੀ ਪਲਟਣ ਨਾਲ ਇਕ ਵਿਅਕਤੀ ਦੀ ਮੌਤ, 20 ਨੂੰ ਬਚਾਇਆ

**ਪਣਜੀ।** ਉੱਤਰੀ ਗੋਆ ਦੇ ਕਲੰਗੁਟ ਸਮੁੰਦਰ ਤੱਟ ਕੋਲ ਅਰਬ ਸਾਗਰ ਵਿੱਚ ਅੱਜ ਸੈਲਾਨੀਆਂ ਨੂੰ ਲਿਜਾ ਰਹੀ ਇਕ ਕਿਸ਼ਤੀ ਪਲਟਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ। ਕਿਸ਼ਤੀ ਵਿੱਚ ਸਵਾਰ 20 ਹੋਰਾਂ ਨੂੰ ਬਚਾਅ ਲਿਆ ਗਿਆ। ਪੁਲੀਸ ਨੇ ਇਹ ਜਾਣਕਾਰੀ ਦਿੱਤੀ। ਪੁਲੀਸ ਨੇ ਦੱਸਿਆ ਕਿ ਇਹ ਘਟਨਾ ਦੁਪਹਿਰ ਕਰੀਬ 1.30 ਵਜੇ ਹੋਈ। ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ, ‘‘ਕਿਸ਼ਤੀ ਪਲਟਣ ਕਾਰਨ 54 ਸਾਲਾ ਵਿਅਕਤੀ ਦੀ ਮੌਤ ਹੋ ਗਈ, ਜਦਕਿ 20 ਹੋਰਾਂ ਨੂੰ ਬਚਾਅ ਲਿਆ ਗਿਆ ਅਤੇ ਉਸ ਨੂੰ ਇਲਾਜ ਲਈ ਨੇੜਲੇ ਹਸਪਤਾਲ ਲਿਜਾਇਆ ਗਿਆ।’’ ਉਨ੍ਹਾਂ ਦੱਸਿਆ ਕਿ ਦੋ ਯਾਤਰੀਆਂ ਨੂੰ ਛੱਡ ਕੇ ਬਾਕੀ ਸਾਰਿਆਂ ਨੇ ਜੀਵਨ ਰੱਖਿਅਕ ਜੈਕੇਟਾਂ ਪਹਿਨੀ ਹੋਈ ਸੀ। ਯਾਤਰੀਆਂ ਵਿੱਚ ਛੇ ਮਹੀਨੇ ਦੇ ਬੱਚੇ ਸਣੇ ਔਰਤਾਂ ਵੀ ਸ਼ਾਮਲ ਸਨ। ਸਰਕਾਰ ਵੱਲੋਂ ਨਿਯੁਕਤ ਜੀਵਨ ਰੱਖਿਆ ਏਜੰਸੀ ‘ਦ੍ਰਿਸ਼ਟੀ ਮਰੀਨ’ ਦੇ ਤਰਜਮਾਨ ਨੇ ਦੱਸਿਆ ਕਿ ਕਿਸ਼ਤੀ ਸਮੁੰਦਰ ਤੱਟ ਤੋਂ ਲਗਪਗ 60 ਮੀਟਰ ਦੂਰ ਪਲਟ ਗਈ ਅਤੇ ਉਸ ਵਿੱਚ ਸਵਾਰ ਸਾਰੇ ਯਾਤਰੀ ਸਮੁੰਦਰ ਵਿੱਚ ਡਿੱਗ ਗਏ। ਉਨ੍ਹਾਂ ਦੱਸਿਆ ਕਿ ਕਿਸ਼ਤੀ ਵਿੱਚ ਮਹਾਰਾਸ਼ਟਰ ਦੇ ਖੇੜ ਦੇ ਇਕ ਪਰਿਵਾਰ ਦੇ 13 ਲੋਕ ਵੀ ਸਵਾਰ



ਸਨ। ਕਿਸ਼ਤੀ ਨੂੰ ਪਲਟਦੇ ਹੋਏ ਦੇਖ ਕੇ ‘ਦ੍ਰਿਸ਼ਟੀ ਮਰੀਨ’ ਦੇ ਇਕ ਕਰਮਚਾਰੀ ਨੇ ਮਦਦ ਨੂੰ ਲੈ ਕੇ ਤੁਰੰਤ ਕਦਮ ਉਠਾਏ। ਉਨ੍ਹਾਂ ਦੱਸਿਆ, ‘‘ਕੁੱਲ 18 ਜੀਵਨ ਰੱਖਿਅਕ ਕਰਮੀ ਯਾਤਰੀਆਂ ਦੀ ਮਦਦ ਲਈ ਪਹੁੰਚੇ ਅਤੇ ਉਨ੍ਹਾਂ ਨੂੰ ਸੁਰੱਖਿਅਤ ਕਿਨਾਰੇ ’ਤੇ ਲੈ ਆਏ।’’ ਤਰਜਮਾਨ ਨੇ ਦੱਸਿਆ ਕਿ ਜ਼ਖ਼ਮੀ ਯਾਤਰੀਆਂ ਦਾ ਮੁੱਢਲਾ ਇਲਾਜ ਕੀਤਾ ਗਿਆ ਜਦਕਿ ਗੰਭੀਰ ਜ਼ਖ਼ਮੀਆਂ ਨੂੰ ਐਂਬੂਲੈਂਸਾਂ ਰਾਹੀਂ ਸਿਹਤ ਕੇਂਦਰ ਲਿਜਾਇਆ ਗਿਆ। ਉਨ੍ਹਾਂ ਦੱਸਿਆ ਕਿ 20 ਯਾਤਰੀਆਂ ਨੂੰ ਬਚਾਅ ਲਿਆ ਗਿਆ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਬਚਾਏ ਗਏ ਲੋਕਾਂ ਵਿੱਚ ਦੋ ਬੱਚੇ ਵੀ ਸ਼ਾਮਲ ਹਨ ਜਿਨ੍ਹਾਂ ਦੀ ਉਮਰ ਛੇ ਤੇ ਸੱਤ ਸਾਲ ਹੈ।

# ਪਾਕਿਸਤਾਨ ਨੇ ਅਫਗਾਨਿਸਤਾਨ 'ਚ ਕੀਤਾ ਹਵਾਈ ਹਮਲਾ, 46 ਮੌਤਾਂ

**ਇਸਲਾਮਾਬਾਦ।** ਪਾਕਿਸਤਾਨ ਨੇ ਮੰਗਲਵਾਰ ਦੇਰ ਰਾਤ ਅਫਗਾਨਿਸਤਾਨ ਵਿੱਚ ਹਵਾਈ ਹਮਲੇ ਕਰਕੇ ਪਾਕਿਸਤਾਨੀ ਤਾਲਿਬਾਨ ਦੇ ਸ਼ੱਕੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਇਹ ਹਮਲੇ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਅਫਗਾਨਿਸਤਾਨ ਦੇ ਪਕਤਿਕਾ ਸੂਬੇ ਦੇ ਪਹਾੜੀ ਇਲਾਕਿਆਂ 'ਚ ਕੀਤੇ ਗਏ। ਇਸ ਹਵਾਈ ਹਮਲੇ 'ਚ ਘੱਟੋ-ਘੱਟ 46 ਲੋਕ ਮਾਰੇ ਗਏ ਹਨ। ਏਪੀ ਨੇ ਪਾਕਿਸਤਾਨੀ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ ਹਮਲੇ ਵਿੱਚ ਪਾਕਿਸਤਾਨੀ ਤਾਲਿਬਾਨ ਯਾਨੀ ਤਹਿਰੀਕ-ਏ-ਤਾਲਿਬਾਨ ਪਾਕਿ-ਸਤਾਨ (ਟੀਟੀਪੀ) ਦਾ ਸਿਖਲਾਈ ਕੇਂਦਰ ਤਬਾਹ ਹੋ ਗਿਆ ਹੈ। ਅਧਿਕਾਰੀਆਂ ਨੇ ਕਈ ਅੱਤਵਾਦੀਆਂ ਦੇ ਮਾਰੇ ਜਾਣ ਦਾ ਦਾਅਵਾ ਕੀਤਾ ਹੈ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਪਾਕਿਸਤਾਨੀ ਜਹਾਜ਼ ਅਫਗਾਨਿਸਤਾਨ ਵਿੱਚ ਕਿੰਨੀ ਦੂਰ ਤੱਕ ਗਏ ਅਤੇ ਉਨ੍ਹਾਂ ਨੇ ਹਮਲੇ ਕਿਵੇਂ ਕੀਤੇ। ਇਸ ਸਾਲ ਇਹ ਦੂਜੀ ਵਾਰ ਹੈ ਜਦੋਂ ਪਾਕਿਸਤਾਨ ਨੇ ਅਫਗਾਨਿਸਤਾਨ ਵਿੱਚ ਹਵਾਈ ਹਮਲਾ ਕੀਤਾ ਹੈ।

ਅਫਗਾਨਿਸਤਾਨ ਦੇ ਰੱਖਿਆ ਮੰਤਰਾਲੇ ਨੇ



ਪਾਕਿਸਤਾਨੀ ਹਵਾਈ ਹਮਲੇ ਦੀ ਨਿੰਦਾ ਕੀਤੀ ਹੈ। ਕਾਬੁਲ ਨੇ ਦੋਸ਼ ਲਾਇਆ ਕਿ ਬੰਬ ਧਮਾਕੇ ਵਿੱਚ ਔਰਤਾਂ ਅਤੇ ਬੱਚਿਆਂ ਸਮੇਤ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਅਫਗਾਨਿਸਤਾਨ ਨੇ ਇਸ ਨੂੰ ਅੰਤਰਰਾਸ਼ਟਰੀ ਨਿਯਮਾਂ ਦੀ ਉਲੰਘਣਾ ਦੱਸਿਆ ਹੈ। ਅਫਗਾਨ ਰੱਖਿਆ ਮੰਤਰਾਲੇ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਪੋਸਟ ਕਰਕੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ। ਮੰਤਰਾਲੇ ਨੇ ਲਿਖਿਆ ਕਿ ਅਜਿਹੇ ਇਕਪਾਸੜ ਕਦਮ ਕਿਸੇ ਸਮੱਸਿਆ ਦਾ ਹੱਲ ਨਹੀਂ ਹਨ। ਅਫਗਾਨਿਸਤਾਨ ਨੇ ਕਿਹਾ ਕਿ ਉਹ ਹਵਾਈ ਹਮਲੇ ਦਾ ਜਵਾਬ ਦਿੱਤਾ ਜਾਵੇਗਾ।

# ਬਲਾਤਕਾਰੀਆਂ ਅਤੇ ਕਾਤਲਾਂ ਨੂੰ ਮੌਤ ਦੀ ਸਜ਼ਾ ਜਾਰੀ ਰਹੇਗੀ : ਟਰੰਪ ਕਿਹਾ- ਕਾਨੂੰਨ ਵਿਵਸਥਾ ਨੂੰ ਫਿਰ ਤੋਂ ਮਜ਼ਬੂਤ ਕਰਾਂਗੇ

**ਵਾਸ਼ਿੰਗਟਨ।** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਸੋਮਵਾਰ ਨੂੰ 37 ਲੋਕਾਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ। ਡੋਨਾਲਡ ਟਰੰਪ ਨੂੰ ਉਨ੍ਹਾਂ ਦਾ ਇਹ ਫੈਸਲਾ ਪਸੰਦ ਨਹੀਂ ਆਇਆ। ਉਨ੍ਹਾਂ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਮੈਂ ਸਹੁੰ ਚੁੱਕਦਿਆਂ ਹੀ ਨਿਆਂ ਵਿਭਾਗ ਨੂੰ ਹੁਕਮ ਦੇਵਾਂਗਾ ਕਿ ਉਹ ਅਮਰੀਕੀ ਪਰਿਵਾਰਾਂ ਨੂੰ ਬਲਾਤਕਾਰੀਆਂ, ਕਾਤਲਾਂ ਅਤੇ ਜ਼ਾਲਮਾਂ ਤੋਂ ਬਚਾਉਣ ਲਈ ਮੌਤ ਦੀ ਸਜ਼ਾ ਦੇਣਾ ਜਾਰੀ ਰੱਖੇ। ਅਸੀਂ ਦੇਸ਼ ਵਿੱਚ ਫਿਰ ਤੋਂ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਾਂਗੇ।

ਦੱਸ ਦੇਈਏ ਕਿ ਰਾਸ਼ਟਰਪਤੀ ਜੋਅ ਬਾਇਡਨ ਨੇ ਮੌਤ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ ਸੀ। ਹਾਲਾਂਕਿ ਟਰੰਪ ਨੇ ਕਿਹਾ ਹੈ ਕਿ ਇਹ ਸਜ਼ਾ ਫਿਰ ਤੋਂ ਸ਼ੁਰੂ ਕੀਤੀ ਜਾਵੇਗੀ।

ਅਮਰੀਕਾ ਵਿੱਚ, ਰਾਸ਼ਟਰਪਤੀ ਅਕਸਰ ਆਪਣੇ ਕਾਰਜਕਾਲ ਦੇ ਅੰਤ ਤੋਂ ਪਹਿਲਾਂ ਕੁਝ ਲੋਕਾਂ ਦੀ ਸਜ਼ਾ ਨੂੰ ਘਟਾਉਣ ਜਾਂ ਮੁਆਫ ਕਰਨ ਲਈ ਵਿਸ਼ੇਸ਼ ਸ਼ਕਤੀ ਦੀ ਵਰਤੋਂ ਕਰਦੇ ਹਨ। ਬਾਇਡਨ ਨੇ



ਇਨ੍ਹਾਂ ਸ਼ਕਤੀਆਂ ਦੀ ਵਰਤੋਂ 37 ਲੋਕਾਂ ਦੀ ਸਜ਼ਾ ਘਟਾਉਣ ਲਈ ਵੀ ਕੀਤੀ ਸੀ। ਇੱਕ ਵਾਰ ਰਾਸ਼ਟਰਪਤੀ ਕਿਸੇ ਦੀ ਸਜ਼ਾ ਨੂੰ ਘਟਾ ਦਿੰਦਾ ਹੈ ਜਾਂ ਮੁਆਫ਼ ਕਰ ਦਿੰਦਾ ਹੈ, ਇਸ ਨੂੰ ਬਦਲਿਆ ਨਹੀਂ ਜਾ ਸਕਦਾ।

ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਲਿਖਿਆ ਕਿ ਇਨ੍ਹਾਂ ਦੋਸ਼ੀਆਂ ਦੇ ਕਾਰਨਾਮੇ ਸੁਣਨ ਤੋਂ ਬਾਅਦ ਵਿਸ਼ਵਾਸ ਨਹੀਂ ਕੀਤਾ ਜਾਵੇਗਾ ਕਿ ਉਨ੍ਹਾਂ ਨੇ ਅਜਿਹਾ ਕੀਤਾ ਹੈ। ਬਾਇਡਨ ਪ੍ਰਸ਼ਾਸਨ ਦੇ ਇਸ ਫੈਸਲੇ ਤੋਂ ਮ੍ਰਿਤਕਾਂ ਦੇ ਪਰਿਵਾਰ ਦੁਖੀ ਹਨ। ਉਹ ਇਸ 'ਤੇ ਵਿਸ਼ਵਾਸ ਨਹੀਂ ਕਰ ਸਕਦੇ।

ਵ੍ਹਾਈਟ ਹਾਊਸ ਨੇ ਇਸ ਮਾਮਲੇ ਨੂੰ ਲੈ ਕੇ ਕਿਹਾ ਸੀ ਕਿ ਰਾਸ਼ਟਰਪਤੀ ਬਾਇਡਨ ਸਿਰਫ ਅੱਤਵਾਦ ਅਤੇ ਨਫਰਤ ਨਾਲ ਜੁੜੇ ਸਮੂਹਿਕ ਕਤਲ ਲਈ ਮੌਤ ਦੀ ਸਜ਼ਾ ਦਾ ਸਮਰਥਨ ਕਰਦੇ ਹਨ। ਬਾਇਡਨ ਵੱਲੋਂ ਜਾਰੀ ਬਿਆਨ 'ਚ ਇਹ ਵੀ ਕਿਹਾ ਗਿਆ ਕਿ ਅਸੀਂ ਨੁਕਸਾਨ ਝੱਲਣ ਵਾਲੇ ਪੀੜਤ ਪਰਿਵਾਰਾਂ ਦੇ ਪ੍ਰਤੀ ਸੰਵੇਦਨਾ ਪ੍ਰਗਟ ਕਰਦੇ ਹਾਂ ਪਰ ਹੁਣ ਅਸੀਂ ਇਸ ਫੈਸਲੇ ਤੋਂ ਪਿੱਛੇ ਨਹੀਂ ਹਟ ਸਕਦੇ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਸੰਸਦ ਭਵਨ ਸਾਹਮਣੇ ਵਿਅਕਤੀ ਨੇ ਲਾਈ ਖ਼ੁਦ ਨੂੰ ਅੱਗ, ਗੰਭੀਰ ਹਾਲਤ 'ਚ ਹਸਪਤਾਲ ਦਾਖਲ

**ਨਵੀਂ ਦਿੱਲੀ।** ਨਵੀਂ ਦਿੱਲੀ ਦਿੱਲੀ 'ਚ ਨਵੇਂ ਸੰਸਦ ਭਵਨ ਨੇੜੇ ਰੇਲਵੇ ਬਿਲਡਿੰਗ ਸਾਹਮਣੇ ਬੁੱਧਵਾਰ ਦੁਪਹਿਰ ਨੂੰ ਇਕ ਵਿਅਕਤੀ ਨੇ ਖ਼ੁਦ ਨੂੰ ਅੱਗ ਲਗਾ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਘਟਨਾ 'ਚ ਨੌਜਵਾਨ ਗੰਭੀਰ ਰੂਪ 'ਚ ਝੁਲਸ ਗਿਆ। ਦਿੱਲੀ ਫਾਇਰ ਸਰਵਿਸ (ਡੀਐੱਫਐੱਸ) ਦੇ ਇੱਕ ਅਧਿਕਾਰੀ ਅਨੁਸਾਰ, ਕਾਲ ਦੁਪਹਿਰ 3:35 ਵਜੇ ਆਈ। ਇਸ ਵਿੱਚ ਨੌਜਵਾਨ ਵੱਲੋਂ ਅੱਗ ਲਾਉਣ ਦੀ ਗੱਲ ਚੱਲੀ। ਇਸ 'ਤੇ ਅਸੀਂ ਇਕ ਵਾਹਨ ਨੂੰ ਮੌਕੇ 'ਤੇ ਭੇਜਿਆ। ਅਧਿਕਾਰੀ ਨੇ ਦੱਸਿਆ ਕਿ ਸੰਸਦ ਦੀ ਸੁਰੱਖਿਆ ਲਈ ਤਾਇਨਾਤ ਕਰਮਚਾਰੀਆਂ ਨੇ ਵਿਅਕਤੀ ਨੂੰ ਰਾਮ ਮਨੋਹਰ ਲੋਹੀਆ (ਆਰ.ਐੱਮ.ਐੱਲ.) ਹਸਪਤਾਲ 'ਚ ਦਾਖਲ ਕਰਵਾਇਆ। ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ



ਅਤੇ ਮੌਕੇ ਤੋਂ ਅੱਧਾ ਸੜਿਆ 2 ਪੰਨਿਆਂ ਦਾ ਸੁਸਾਈਡ ਨੋਟ, ਪੈਟਰੋਲ, ਸੜਿਆ ਹੋਇਆ ਬੈਗ ਅਤੇ ਜੁੱਤੇ ਬਰਾਮਦ ਕੀਤੇ। ਜਿਸ ਥਾਂ 'ਤੇ ਨੌਜਵਾਨ ਨੇ ਖ਼ੁਦ ਨੂੰ ਅੱਗ ਲਗਾਈ, ਉਸ ਥਾਂ 'ਤੇ ਬੈਰੀਕੇਡਿੰਗ ਕੀਤੀ ਗਈ ਹੈ। ਫਿਲਹਾਲ ਨੌਜਵਾਨ ਦੀ ਜਾਣਕਾਰੀ ਸਾਹਮਣੇ ਨਹੀਂ ਆਈ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander
Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਬਠਿੰਡਾ 'ਚ ਨਰਸ ਦੀ ਬਣਾਈ ਅਸ਼ਲੀਲ ਵੀਡੀਓ, ਬਾਥਰੂਮ 'ਚ ਲੁਕਾਇਆ ਮੋਬਾਈਲ



**ਬਠਿੰਡਾ।** ਬਠਿੰਡਾ ਦੇ ਇਕ ਹਸਪਤਾਲ ਵਿਚ ਨਹਾ ਰਹੀ ਸਟਾਫ ਨਰਸ ਦੀ ਅਸ਼ਲੀਲ ਵੀਡੀਓ ਬਣਾਉਣ ਦੇ ਦੋਸ਼ ਵਿੱਚ ਪੁਲਿਸ ਨੇ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਵੱਲੋਂ ਫੜੇ ਗਏ ਮੁਲਜ਼ਮ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਹਸਪਤਾਲ ਦੀ ਸਟਾਫ ਨਰਸ ਨੇ ਥਾਣਾ ਸਦਰ ਦੀ ਪੁਲਿਸ ਨੂੰ ਦੱਸਿਆ ਸੀ ਕਿ ਉਸ ਦੇ ਗੁਆਂਢੀ ਜਸਕਰਨ ਸਿੰਘ ਨੇ ਮਹਿਲਾ ਨਰਸ ਦੇ ਬਾਥਰੂਮ ਵਿੱਚ ਮੋਬਾਈਲ ਫੋਨ ਛੁਪਾ ਕੇ ਰੱਖ ਦਿੱਤਾ ਸੀ ਅਤੇ ਔਰਤ ਦੇ ਨਹਾਉਂਦੇ ਸਮੇਂ ਉਸ ਦੀ ਅਸ਼ਲੀਲ ਵੀਡੀਓ ਬਣਾ ਲਈ ਸੀ। ਜਦੋਂ ਔਰਤ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਇਸ ਦੀ ਸ਼ਿਕਾਇਤ ਥਾਣਾ ਸਦਰ ਬਠਿੰਡਾ ਵਿਖੇ ਕੀਤੀ। ਜਿਸ 'ਤੇ ਥਾਣਾ ਸਦਰ ਦੇ ਇੰਚਾਰਜ ਇੰਸਪੈਕਟਰ ਜਗਦੀਪ ਸਿੰਘ ਨੇ ਦੋਸ਼ੀ ਜਸਕਰਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਉਸ ਕੋਲੋਂ ਉਹ ਮੋਬਾਇਲ ਫੋਨ ਵੀ ਜ਼ਬਤ ਕਰ ਲਿਆ ਹੈ, ਜਿਸ ਨਾਲ ਉਸ ਨੇ ਨਰਸ ਦੀ ਵੀਡੀਓ ਬਣਾਈ ਸੀ। ਦੋਸ਼ ਹੈ ਕਿ ਉਹ ਲੰਬੇ ਸਮੇਂ ਤੋਂ ਔਰਤ 'ਤੇ ਬੁਰੀ ਨਜ਼ਰ ਰੱਖ ਰਿਹਾ ਸੀ। ਪੁਲਿਸ ਅਨੁਸਾਰ ਮਹਿਲਾ ਸਟਾਫ ਨਰਸ ਕਿਰਾਏ ਦੇ ਮਕਾਨ ਵਿਚ ਰਹਿੰਦੀ ਹੈ। ਜਿੱਥੇ ਜਸਕਰਨ ਸਿੰਘ ਨਾਂ ਦਾ ਨੌਜਵਾਨ ਕਾਫੀ ਸਮੇਂ ਤੋਂ ਔਰਤ ਨੂੰ ਤੰਗ ਪ੍ਰੇਸ਼ਾਨ ਕਰਦਾ ਸੀ। ਮੌਕਾ ਦੇਖ ਕੇ ਉਸ ਨੇ ਮੋਬਾਈਲ ਫ਼ੋਨ ਔਰਤ ਦੇ ਬਾਥਰੂਮ ਵਿੱਚ ਰੱਖ ਦਿੱਤਾ ਅਤੇ ਵੀਡੀਓ ਬਣਾ ਲਈ। ਥਾਣਾ ਇੰਚਾਰਜ ਨੇ ਦੱਸਿਆ ਕਿ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਇਹ ਪਤਾ ਲਗਾ ਰਹੀ ਹੈ ਕਿ ਦੋਸ਼ੀ ਨੇ ਔਰਤ ਦਾ ਵੀਡੀਓ ਵਾਇਰਲ ਕੀਤਾ ਜਾਂ ਨਹੀਂ ਅਤੇ ਵੀਡੀਓ ਬਣਾਉਣ ਪਿੱਛੇ ਉਸ ਦਾ ਕੀ ਮਕਸਦ ਸੀ।

# ਦਿਲਜੀਤ ਦੋਸਾਂਝ ਦੀ ਟੀਮ ਪਹੁੰਚੀ ਲੁਧਿਆਣਾ, 31 ਦਸੰਬਰ ਦੇ ਲਾਈਵ ਸ਼ੋਅ ਦੀਆਂ ਤਿਆਰੀਆਂ ਸ਼ੁਰੂ

**ਲੁਧਿਆਣਾ।** ਲੁਧਿਆਣਾ ਵਿਚ 31 ਦਸੰਬਰ ਨੂੰ ਨਵਾਂ ਸਾਲ ਚੜਣ ਤੋਂ ਪਹਿਲਾਂ ਲਾਈਵ ਸ਼ੋਅ ਕਰਨ ਆ ਰਹੇ ਦਿਲਜੀਤ ਦੋਸਾਂਝ ਦੇ ਇਸ ਪ੍ਰੋਗਰਾਮ ਨੂੰ ਲੈ ਕੇ ਪ੍ਰਸ਼ਾਸਨ ਨੇ ਵੀ ਕਮਰ ਕੱਸ ਲਈ ਹੈ। ਇਸ ਸਬੰਧੀ ਦਿਲਜੀਤ ਦੀ ਇੱਕ ਟੀਮ ਮੁਬੰਈ ਪੀਏਯੂ ਪਹੁੰਚੀ ਹੈ ਜਿਹੜੀ ਸ਼ੋਅ ਸਬੰਧੀ ਜਾਇਜ਼ਾ ਲਵੇਗੀ। ਉਧਰ ਪ੍ਰਸ਼ਾਸਨ ਨੇ ਲੁਧਿਆਣਾ ’ਚ ਹੋਣ ਜਾ ਰਹੇ ਦਿਲਜੀਤ ਦੇ ਲਾਈਵ ਸ਼ੋਅ ਦੀਆਂ ਤਿਆਰੀਆਂ ਜ਼ੋਰ ਸ਼ੋਰ ਨਾਲ ਸ਼ੁਰੂ ਕਰ ਦਿੱਤੀਆਂ ਹਨ।

ਇਸੇ ਦੌਰਾਨ 31 ਦਸੰਬਰ ਨੂੰ ਏਡੀਸੀਪੀ ਰਮਨਦੀਪ ਭੁੱਲਰ ਪੁਲਿਸ ਟੀਮ ਨਾਲ ਸ਼ਹਿਰ ’ਚ ਅਮਨ-ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਅਤੇ ਤਿਆਰੀਆਂ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਦਿਲਚਸਪ ਗੱਲ ਇਹ ਸਾਹਮਣੇ ਕਿ ਸ਼ੋਅ ਦੀਆਂ ਸਾਰੀਆਂ ਟਿਕਟਾਂ 12



ਮਿੰਟਾਂ ’ਚ ਵਿੱਕ ਗਈਆਂ ਅਤੇ ਹੁਣ ਕਾਲਾ ਬਾਜ਼ਾਰੀ ਦੀ ਚਰਚਾ ਚੱਲ ਰਹੀ ਹੈ।

ਟੀਮ ਨੇ ਪੀਏਯੂ ’ਚ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ

ਦਿਲਜੀਤ ਦੇ ਸ਼ੋਅ ਲਈ ਪੀਏਯੂ ਵਿਖੇ ਸਟੇਜ ਤਿਆਰ ਕੀਤੀ ਜਾ ਰਹੀ ਹੈ। ਟੀਮ ਮੈਂਬਰਾਂ ਨੇ ਦੱਸਿਆ ਕਿ 30 ਦਸੰਬਰ ਤੱਕ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਜਾਣਗੀਆਂ। ਉਸ ਤੋਂ ਪਹਿਲਾਂ ਦਿਲਜੀਤ ਦਾ 29 ਦਸੰਬਰ ਨੂੰ ਗੁਹਾਟੀ 'ਚ ਸ਼ੋਅ ਹੈ, ਜਿਸ ਤੋਂ ਬਾਅਦ ਉਹ ਸਿੱਧਾ ਲੁਧਿਆਣਾ ਪਹੁੰਚ ਜਾਣਗੇ।

# ਨੈਨੀਤਾਲ ’ਚ 100 ਮੀਟਰ ਡੂੰਘੀ ਖੱਡ ਵਿਚ ਡਿੱਗੀ ਰੋਡਵੇਜ਼ ਦੀ ਬੱਸ, 3 ਲੋਕਾਂ ਦੀ ਮੌਤ

**ਨੈਨੀਤਾਲ।** ਉਤਰਾਖੰਡ ਦੇ ਨੈਨੀਤਾਲ ਤੋਂ ਦੁਖਦ ਖ਼ਬਰ ਸਾਹ-ਮਣੇ ਆ ਰਹੀ ਹੈ। ਅਲਮੋੜਾ ਤੋਂ ਹਲਦਵਾਨੀ ਆ ਰਹੀ ਰੋਡਵੇਜ਼ ਦੀ ਬੱਸ ਭੀਮਤਾਲ-ਰਾਣੀਬਾਗ ਮੋਟਰ ਰੋਡ 'ਤੇ ਅਮਲਾਲੀ ਨੇੜੇ ਡੂੰਘੀ ਖਾਈ 'ਚ ਡਿੱਗ ਗਈ। ਖਾਈ ਵਿਚ ਡਿੱਗਣ ਕਾਰਨ ਬੱਸ ਵਿਚ ਸਵਾਰ 20 ਤੋਂ 25 ਵਿਅਕਤੀ ਇੱਧਰ-ਉੱਧਰ ਜਾ ਡਿੱਗੇ। ਹਾਦਸੇ 'ਚ ਤਿੰਨ ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ। ਜਦਕਿ ਕੁਝ ਗੰਭੀਰ ਜ਼ਖਮੀ ਦੱਸੇ ਜਾ ਰਹੇ ਹਨ। ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਿਸ ਪ੍ਰਸ਼ਾਸਨ ਮੌਕੇ 'ਤੇ ਪਹੁੰਚ ਗਿਆ। ਜ਼ਖ਼ਮੀਆਂ ਨੂੰ ਪੁਲਿਸ ਅਤੇ ਸਥਾਨਕ ਲੋਕਾਂ ਦੀ ਮਦਦ ਨਾਲ ਰੱਸੀਆਂ ਅਤੇ ਮੋਢਿਆਂ 'ਤੇ ਚੁਕ ਕੇ ਸੜਕ 'ਤੇ ਲਿਆਂਦਾ ਗਿਆ। ਜ਼ਖ਼ਮੀਆਂ ਨੂੰ ਇਲਾਜ ਲਈ



ਹਸਪਤਾਲ ਲਿਜਾਇਆ ਗਿਆ। ਬਚਾਅ ਕਾਰਜ ਜਾਰੀ ਹੈ। ਅੱਜ 25 ਦਸੰਬਰ, 2024 ਨੂੰ ਜ਼ਿਲ੍ਹਾ ਕੰਟਰੋਲ ਰੂਮ, ਨੈਨੀਤਾਲ ਤੋਂ ਸੂਚਨਾ ਮਿਲੀ ਸੀ ਕਿ ਭੀਮਤਾਲ ਨੇੜੇ ਰੋਡਵੇਜ਼ ਦੀ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ ਹੈ, ਜਿਸ 'ਤੇ SDRF ਦੀਆਂ ਬਚਾਅ ਟੀਮਾਂ ਪੋਸਟ ਨੈਨੀ ਤਾਲ ਅਤੇ ਖੈਰਨਾ ਤੋਂ ਮੌਕੇ ਲਈ ਰਵਾਨਾ ਹੋ ਗਈਆਂ ਹਨ। ਹੁਣ ਤਕ ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਬੱਸ ਰੋਡਵੇਜ਼ ਦੀ ਸੀ ਜੋ ਭੀਮਤਾਲ ਤੋਂ ਹਲਦਵਾਨੀ ਵੱਲ ਜਾ ਰਹੀ ਸੀ। ਉਕਤ ਬੱਸ 'ਚ 20 ਤੋਂ 25 ਲੋਕ ਸਵਾਰ ਦੱਸੇ ਜਾ ਰਹੇ ਹਨ। ਬੱਸ ਕਰੀਬ 100 ਮੀਟਰ ਡੂੰਘੀ ਖੱਡ ਵਿਚ ਜਾ ਡਿੱਗੀ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Sham Lal Chander consultant- call number - 07488841161

# ਪ੍ਰਭੂ ਯਿਸ਼ੂ ਮਸੀਹ ਧਰਤੀ ਤੇ ਦੁੱਖ ਦਰਦ ਵਡਾਉਣ ਤੇ ਦੁੱਖਾਂ ਤੋ ਛੁਟਕਾਰਾ ਦਿਵਾਉਣ ਆਏ : ਫਾਦਰ ਬੈਨੀ







**ਫ਼ਰੀਦਕੋਟ (ਸਮਾਜ ਵੀਕਲੀ)** ਅੱਜ ਸੇਂਟ ਮੈਰੀਜ ਕੈਥੋਲਿਕ ਚਰਚ ਫ਼ਰੀਦਕੋਟ ਵਿਖੇ ਕ੍ਰਿਸਮਸ ਦਾ ਤਿਉਹਾਰ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮੇ ਸੰਗਤਾਂ ਨਾਲ ਖੁਦਾ ਦਾ ਵਚਨ ਸਾਝਾਂ ਕਰਦਿਆ ਫਾਦਰ ਬੈਨੀ ਜੀ ਕਿਹਾ ਪ੍ਰਭੂ ਯਿਸੂ ਮਸੀਹ ਧਰਤੀ ਤੇ ਦੀਨ ਦੁਖੀਆ ਦਾ ਦਰਦ ਵਡਾਉਣ ਤੇ ਦੁੱਖਾਂ ਤੋ ਛੁਟਕਾਰਾ ਦਿਵਾਉਣ ਲਈ ਆਏ। ਓਨਾ ਆਪਣਾ ਸਾਰਾ ਸਮਾਂ ਖੁਦਾ ਦਾ ਸੰਦੇਸ਼ ਦੇਣ ਤੇ ਪ੍ਰਭੂ ਭਗਤੀ ਵਿਚ ਲਗਾਇਆ,ਅਖੀਰ ਵਿਚ ਬੋਲਦਿਆਂ ਪੂਰੀ ਸੰਗਤ ਨੂੰ ਕ੍ਰਿਸਮਸ ਦੀਆਂ ਵਧਾਈਆਂ ਦਿੱਤੀਆਂ ਤੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਕਿਹਾ।ਓਨਾ ਪੂਰੀ ਸੰਗਤ ਦਾ ਧੰਨਵਾਦ ਕੀਤਾ ਜਿੰਨਾ ਕ੍ਰਿਸਮਸ ਦਾ ਤਿਉਹਾਰ ਮਨਾਉਣ ਵਿਚ ਆਪਣਾ ਯੋਗਦਾਨ ਪਾਇਆ। ਇਸ ਸਮੇ ਫਾਦਰ ਸਿਲਵੀਨੋਜ, ਫਾਦਰ ਦੀਪਕ, ਬਾਬੂ ਅਨਿਲ ਮਸੀਹ ਭੱਟੀ, ਸਿਸਟਰ ਸੋਨਟ, ਸਿਸਟਰ ਅਨੁਮਰੀਆਂ,ਸਿਸਟਰ ਐਸੀਮਰੀਆਂ ਤੇ ਯੂਥ ਵਿੰਗ ਦੇ ਪ੍ਰਧਾਨ ਬਲਵੀਰ ਮਸੀਹ, ਹਰਜਿੰਦਰ ਲਾਲ, ਗੁਰ-ਟੇਕ ਸਿੰਘ, ਵਿਜੈ ਕੁਮਾਰ, ਮੋਹਨ ਪੱਪੂ, ਜਸਦੇਵ ਪਾਲ,ਅਜੀਤ ਮਸੀਹ, ਡੇਵਿਡ ਤੇਜਾ,ਗਗਨ ਮਚਾਕੀ, ਅਮਰੀਕ ਸਿੰਘ, ਗੁਰਮੀਤ ਗੋਗਾ,ਕ੍ਰਿਸ਼ਨ, ਸ਼ਨੀ, ਮਹਿੰਦਰ ਮਸੀਹ, ਲਵਜੀਤ, ਕਾਲਾ ਮਸੀਹ, ਰਕੇਸ਼ ਤੇਜਾ, ਸੁਖਬੀਰ ਸਿੰਘ, ਸੈਮਪਰੀਤ ਅਤੇ ਮਰੀਅਮ ਸੈਨਾ ਦੀ ਪ੍ਰਧਾਨ ਬਲਡੀਨਾ ਤੇਜਾ,ਕਰਮਜੀਤ ਕੌਰ, ਆਸਾ, ਮਮਤਾ, ਊਸ਼ਾ, ਅਰੂਨਾ ਗੋਗਾ, ਅਲਬੇਤਾ ਗਿੱਲ, ਕਾਜਲ, ਅਮਨਪ੍ਰੀਤ, ਕੁਲਦੀਪ, ਅਰੂਨਾਰਾਣੀ, ਬਿੰਦੂ, ਬਿੰਦਰ, ਰਾਜਵਿੰਦਰ, ਕੈਥਰੀਨ, ਵੀਰਪਾਲ ਆਦਿ ਹਾਜ਼ਰ ਸਨ।

# ਸਰਹੱਦੀ ਇਲਾਕਿਆਂ ਵਿੱਚ ਆਮ ਲੋਕਾਂ ਨੂੰ ਹੀ ਨਹੀਂ ਪੁਲਿਸ ਵਾਲਿਆਂ ਨੂੰ ਵੀ ਇਸਾਈਅਤ ਦਾ ਪਿਆਰ ਜਾਗਿਆ

**ਬਲਬੀਰ ਸਿੰਘ ਬੱਬੀ**





ਸਿੱਖ ਧਰਮ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਸਮੇਂ ਸਮੇਂ ਉੱਤੇ ਅਨੇਕਾਂ ਕੁਰਬਾਨੀਆਂ ਸੂਰਵੀਰ ਸਿੰਘਾਂ ਯੋਧਿਆਂ ਗੁਰੂਆਂ ਭਗਤਾਂ ਨੇ ਕੀਤੀਆਂ ਹਨ ਇਸ ਕਰਕੇ ਹੀ ਸਿੱਖ ਧਰਮ ਦਾ ਇਤਿਹਾਸ ਵੱਖਰਾ ਹੈ। ਦਸੰਬਰ ਮਹੀਨੇ ਦੇ ਅਖੀਰਲੇ ਪੰਦਰਵਾੜੇ ਦੇ ਵਿੱਚ ਕੁਰਬਾਨੀਆਂ ਦੇ ਦਿਨਾਂ ਦਾ ਇਤਿਹਾਸ ਹਰ ਸਾਲ ਚੇਤੇ ਕੀਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਸਾਹਿਬ ਦਾ ਕਿਲਾ ਛੱਡਦੇ ਹਨ ਪਰਿਵਾਰ ਨਾਲ ਵਿਛੋੜਾ ਪੈਂਦਾ ਹੈ ਭੱਠਾ ਸਾਹਿਬ ਚਮਕੌਰ ਸਾਹਿਬ ਦੀ ਜੰਗ, ਛੋਟੇ ਸਾਹਿਬਜ਼ਾਦੇ ਤੇ ਵੱਡੇ ਸਾਹਿਬਜ਼ਾਦੇ ਸ਼ਹੀਦ ਹੁੰਦੇ ਹਨ। ਸ਼ਹੀਦੀ ਸਭਾਵਾਂ ਇਹਨਾਂ ਦਿਨਾਂ ਵਿੱਚ ਮਨਾਈਆਂ ਜਾਂਦੀਆਂ ਹਨ ਆਮ ਲੋਕ ਇਹਨਾਂ ਦਿਨਾਂ ਦੇ ਵਿੱਚ ਕੋਈ ਵੀ ਖੁਸ਼ੀ ਦਾ ਸਮਾਗਮ ਨਹੀਂ ਕਰਦੇ ਬਹੁਤ ਸੋਗਮਈ ਦਿਨ ਬਤੀਤ ਕਰਦੇ ਹਨ ਤੇ ਫਤਿਹਗੜ੍ਹ ਸਾਹਿਬ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਪ੍ਰਣਾਮ ਕਰਨ ਲਈ ਲੋਕ ਇੱਥੇ ਪੁੱਜਦੇ ਹਨ। ਪਰ ਦੂਜੇ ਪਾਸੇ ਪੰਜਾਬ ਵਿੱਚ ਇਸ ਵੇਲੇ ਇਸਾਈ ਧਰਮ ਦਾ ਪੂਰਾ ਬੋਲ ਬਾਲਾ ਹੈ ਪੰਜਾਬ ਦੇ ਬਹੁ ਗਿਣਤੀ ਇਲਾਕਿਆਂ ਦੇ ਵਿੱਚ ਲੋਕ ਇਸਾਈ ਬਣਦੇ ਜਾ ਰਹੇ ਹਨ ਜੇਕਰ ਗੱਲ ਕਰੀਏ ਤਾਂ ਅੰਮ੍ਰਿਤਸਰ ਗੁਰਦਾਸਪੁਰ ਵਿੱਚ ਇਸਾਈਅਤ ਦਾ ਪ੍ਰਚਾਰ ਬਹੁਤ ਜਿਆਦਾ ਹੈ ਅੱਜ ਉਸ ਵੇਲੇ ਸਭ ਦੇਖ ਕੇ ਹੈਰਾਨ ਰਹਿ ਗਏ ਜਦੋਂ ਇੱਕ ਪੁਲਿਸ ਥਾਣੇ ਦੇ ਮੁਲਾਜ਼ਮ ਜਿਸ ਵਿੱਚ ਔਰਤਾਂ ਤੇ ਮਰਦ ਦੋਵੇਂ ਸਨ ਉਹ ਭੰਗੜਾ ਪਾ ਰਹੇ ਸਨ ਤਾਂ ਕਾਰਨ ਪਤਾ ਲੱਗਿਆ ਕਿ ਇਹ ਅੱਜ 25 ਦਸੰਬਰ ਨੂੰ ਕ੍ਰਿਸਮਿਸ ਦਾ ਦਿਨ ਮਨਾ ਰਹੇ ਹਨ ਧਾਰੀਵਾਲ ਥਾਣੇ ਦੀ ਐਸਐਚ ਓ ਜੋ ਖੁਦ ਇਸਾਈ ਧਰਮ ਨਾਲ ਸੰਬੰਧ ਰੱਖਦੀ ਹੈ ਉਸ ਦਾ ਕਹਿਣਾ ਸੀ ਕਿ ਸਾਡੇ ਪੁਲਿਸ ਸਟੇਸ਼ਨ ਦੇ ਵਿੱਚ ਜੋ ਪੁਲਿਸ ਮੁਲਾਜ਼ਮ ਹਨ ਉਹ ਬਹੁਤੇ ਇਸਾਈ ਧਰਮ ਨਾਲ ਸੰਬੰਧਿਤ ਹਨ ਇਸ ਲਈ ਅਸੀਂ ਅੱਜ 25 ਦਸੰਬਰ ਨੂੰ ਕ੍ਰਿਸਮਿਸ ਦਾ ਵੱਡਾ ਦਿਨ ਮਨਾ ਕੇ ਖੁਸ਼ੀਆਂ ਸਾਂਝੀਆਂ ਕਰ ਰਹੇ ਹਾਂ ਤੇ ਭੰਗੜੇ ਪਾ ਰਹੇ ਹਾਂ, ਚਲੋ ਮੰਨਿਆ ਕਿ ਲੋਕਾਂ ਨੇ ਇਸਾਈ ਧਰਮ ਗ੍ਰਹਿਣ ਕਰ ਲਿਆ ਹੈ ਪਰ ਇੱਕ ਪੁਲਿਸ ਥਾਣੇ ਦੇ ਵਿੱਚ ਇਸ ਤਰ੍ਹਾਂ ਨੱਚ ਕੇ ਭੰਗੜੇ ਪਾ ਕੋਈ ਧਾਰਮਿਕ ਸਮਾਗਮ ਕਰਾਉਣਾ ਉਹ ਵੀ ਸਭਾ ਦੇ ਦਿਨਾਂ ਵਿੱਚ ਸ਼ੋਭਾ ਦਿੰਦਾ ਹੈ। ਇਸ ਗੱਲ ਦੀ ਬਹੁਤ ਵੱਡੀ ਚਰਚਾ ਹੋ ਰਹੀ ਹੈ। ਠੀਕ ਹੈ ਜੇਕਰ ਤੁਸੀਂ ਇਸਾਈ ਧਰਮ ਨਾਲ ਸੰਬੰਧਿਤ ਹੋ ਤਾਂ ਆਪਣੇ ਘਰ ਜਾਂ ਚਰਚ ਵਿੱਚ ਪ੍ਰੋਗਰਾਮ ਕਰੋ ਇਹ ਕੀ ਬਈ ਸਮੁੱਚਾ ਪੁਲਿਸ ਥਾਣਾ ਹੀ ਇਸਾਈਅਤ ਦੇ ਰੰਗ ਵਿੱਚ ਰੰਗ ਦਿੱਤਾ। ਹੁਣ ਇੱਥੇ ਇਹ ਵੀ ਦੇਖਣਾ ਬਣਦਾ ਹੈ ਕਿ ਪੁਲਿਸ ਵਿਭਾਗ ਇਸ ਦਾ ਕੋਈ ਨੋਟਿਸ ਲੈਂਦਾ ਹੈ ਜਾਂ ਫਿਰ ਆਪਣਿਆਂ ਨੂੰ ਮੁਆਫ਼.....!

for more news visit:
www.samajweekly.com

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਡੀ ਡੀ ਪੰਜਾਬੀ ਦੂਰਦਰਸ਼ਨ ਜਲੰਧਰ ਕੇਂਦਰ ਕੀਤੀ ਗਈ ਸ਼ੂਟਿੰਗ ਹੈਲੋ ਹੈਲੋ 2025

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਹੈਲੋ ਹੈਲੋ 2025 ਦੇ ਨਿਰਮਾਤਾ ਪੂਜਾ ਸੱਭਰਵਾਲ ਨੇ ਦਸਿਆ ਜਿਹੜੇ ਪ੍ਰੋਗਰਾਮ ਦੀ ਪਿਛਲੇ ਦੋ ਮਹੀਨਿਆਂ ਦੀ ਲਗਾਤਾਰ ਅਣਥੱਕ ਮਿਹਨਤ ਦੇ ਨਾਲ ਤਿਆਰੀ ਕਰ ਰਹੇ ਸੀ ਜਿਹਦੇ ਵਿੱਚ ਪੰਜਾਬ ਦੀਆ ਮਸ਼ਹੂਰ ਆਵਾਜ਼ਾਂ ਅਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਦੇ ਨਾਲ ਸਾਰੇ ਸਰੋਤਿਆ ਨੂੰ ਖੁਸ਼ ਕਰਨਗੇ ਬਹੁਤ ਹੀ ਮਸ਼ਹੂਰ ਗਾਇਕ ਮਨਜੀਤ ਪੱਪੂ, ਗਾਇਕਾ ਮੈਂਡੀ ਕਾਲਰਾ, ਜੱਸ ਕੌਰ , ਸਾਬੀ ਅਟਵਾਲ, ਸੁਰੰਜਨਾ ਸ਼ੀਮਾਰ, ਪ੍ਰੇਮ ਚਮਕੀਲਾ ਅਤੇ ਰਮਨਦੀਪ ਬਾਵਾ, ਜੀ ਐੱਸ ਮੱਟੂ ਅਤੇ ਕੇ ਰਮਨ, ਪੰਕਜ ਹੰਸ ਅਤੇ ਸੁਨੈਨਾ ਨੰਦਾ, ਅਮਰੀਕ ਮਾਇਕਲ, ਰੂਬਲ ਸੰਧੂ ਮਹਿਮ, ਅਵਤਾਰ ਬੈਂਸ, ਅਨੁਰਾਧਾ, ਸ਼ੀਰਾ ਗਿੱਲ ਅਤੇ ਰਾਜ ਸੰਧੂ, ਯਨੀਕ ਮੁਸਕਾਨ। ਪ੍ਰੋਗਰਾਮ ਵਿੱਚ 10 ਗੀਤਾਂ ਦੀ ਤਰਜ਼ ਬਣਾਈ ਗਈ ਸਾਹਿਲ ਚੌਹਾਨ ਅਤੇ ਹਰਭਜਨ ਚੌਹਾਨ ਜੀ ਅਤੇ ਆਵਾਜ਼ ਦਿੱਤੀ ਬਲਵੀਰ ਸ਼ੇਰਪੁਰੀ ਨੇ। 2 ਗੀਤਾਂ ਦਾ ਸੰਗੀਤ ਤਿਆਰ ਕੀਤਾ ਗਿਆ ਹਰਪ੍ਰੀਤ ਅਨਾੜੀ ਵਲੋ ਅਤੇ ਬਾਕੀ ਗੀਤਾਂ ਦਾ ਸੰਗੀਤ ਤਿਆਰ ਕੀਤਾ ਹਰਿ ਅਮਿਤ ਅਤੇ ਮਿਕਸ ਕੀਤਾ ਰਵੀ ਚੌਹਾਨ ਵਲੋ। ਗੀਤਾਂ ਦੇ ਬੋਲ ਲਿਖੇ ਗਏ ਰਣਜੀਤ ਦੀਪੀ ਸ਼ਰਕਪੁਰੀ ਯੂ ਕੇ, ਸੇਵਾ ਸਿੰਘ ਨੌਰਥ, ਲਾਲੀ ਸਭਰਾ, ਕਾਲਾ ਵੇਂਡਲ, ਰਾਣਾ ਹਰੀਪੁਰੀਆ, ਗੁਰਮੀਤ ਕਲਸੀ, ਰਾਮ ਧੋਲੇਟਾ ਵਾਲਾ , ਕੰਤਾ ਤਲਵੰਡੀ ਵਾਲਾ, ਜਸਪਾਲ



ਸਿੰਘ ਚਾਹਲ ਵੀ ਧੁਲਕਾ, ਰਾਜੀ ਬਾਲੋਂ , ਮਲਕੀਤ ਸਿੰਘ ਜੋਸਨ, ਰਵੀ ਲੰਬੇਪਿੰਡੀਆ। ਕੈਮਰਾਮੈਨ ਦੀ ਭੂਮਿਕਾ ਨਿਭਾਈ ਮਨੀਸ਼ ਅੰਗੁਰਾਲ ਅਤੇ ਜੀਵਨ ਹੀਰ। ਪਹੁੰਚੇ ਹੋਏ ਕਲਾਕਾਰਾਂ ਦਾ ਮੇਕਅੱਪ ਕੀਤਾ ਅਜੇ ਗੌਰੀ। ਬਾਈ ਨਵ ਪ੍ਰੀਤ ਭੰਗੜਾ ਗਰੁੱਪ। ਲਾਇਟ ਪ੍ਰੋਡਕਸ਼ਨ ਕੀਤੀ ਗਈ ਅਕਾਸ਼ ਦਰਸ਼ਨ ਮਝੈਲ ਜੀ ਵਲੋਂ । ਰੰਗਾ ਰੰਗ ਪ੍ਰੋਗਰਾਮ ਹੈਲੋ ਹੈਲੋ 2025 ਵਿਚ ਸਹਿਯੋਗ ਕੀਤਾ ਗਿਆ ਓਮ ਜੱਸਲ ਕੰਦੋਲੇ ਵਾਲਾ, ਕੁਲਵੰਤ ਪੱਡਾ, ਸ਼ਿਵ ਕਰਨ ਸੰਧੂ, ਸਰਬਜੀਤ ਮਹਿਰਾ, ਗੁਰਪ੍ਰੀਤ ਮਹਿਰਾ, ਹੈਪੀ ਭਲਵਾਨ ਸਰਪੰਚ ਮਲਸੀਆਂ, ਡਾਕਟਰ ਬਲਜੀਤ ਸਿੰਘ ਟੁਰਨਾ ਮਲਸੀਆਂ, ਪਵਨ ਕੈਟ੍ਰਸ, ਮੰਗਲ ਅਠੋਲਾ, ਲਵ ਸਹੋਤਾ। ਸ਼ੂਟਿੰਗ ਤੇ ਅਸ਼ੀਰਵਾਦ ਦੇਣ ਲਈ ਪਹੁੰਚੇ ਮੁੱਖ ਤੌਰ ਤੇ ਸ਼ਿਵ ਮੰਦਿਰ ਪਿੰਡ ਡਵਿਡਾ ਅਹੇਰਾਣਾ ਤੋ ਪਹੁੰਚੇ ਗੱਦੀ ਨਸ਼ੀਨ ਬਾਬਾ ਸੁਲਿੰਦਰ ਪਾਲ ਜੀ, ਸ਼ਿਵ ਮੰਦਿਰ ਪਿੰਡ ਅਠੋਲੇ ਤੋਂ ਗੱਦੀ ਨਸ਼ੀਨ ਬਾਬਾ ਜਸਪਾਲ ਕੌਰ ਜੀ। ਇਹ ਸਾਰੇ ਪ੍ਰੋਗਰਾਮ ਦੀ ਵੀਡੀਓ ਐਡਿਟ ਕੀਤੀ ਗਈ ਮੋਹਿਤ ਵਰਮਾ ਵਲੋਂ। ਸਾਰੇ ਗਾਣਿਆ ਦੇ ਪੋਸਟਰ ਤਿਆਰ ਕੀਤੇ ਗਏ ਜੱਸੀ ਆਰਟਸ ਵਲੋਂ। ਸ਼ੂਟਿੰਗ ਕੀਤੀ ਗਈ ਗੁਲਾਬ ਵਾਟਿਕਾ ਪੈਲੇਸ ਨੇੜੇ ਵਰਕਸ਼ਾਪ ਚੌਂਕ, ਜਲੰਧਰ। ਰੰਗਾ ਰੰਗ ਪ੍ਰੋਗਰਾਮ ਹੈਲੋ ਹੈਲੋ 2025 ਨੂੰ ਤੁਸੀ ਦੂਰਦਰਸ਼ਨ ਜਲੰਧਰ ਤੇ ਦੇਖੋਗੇ 1 ਜਨਵਰੀ 2025 ਨੂੰ ਰਾਤ 8ਵਜੇ ਤਕ ਲੈਕੇ 9ਵਜੇ ਤੱਕ ਅਤੇ ਨਾਲ ਹੀ ਯੂਟਿਊਬ ਚੈਨਲ ਅਨੁਰਾਗ ਪ੍ਰੋਡਕਸ਼ਨ ਤੇ ਹੋਰ ਅਲਗ ਅਲਗ ਸੋਸ਼ਲ ਸਾਈਟਾਂ ਤੇ।

# ਪਿੰਡ ਦੀਨਾ ਸਾਹਿਬ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ

**ਦੀਨਾ (ਰਮੇਸ਼ਵਰ ਸਿੰਘ)** ਪੰਜਾਬੀ ਲਿਖਾਰੀ ਸਭਾ ਨਿਹਾਲ ਸਿੰਘ ਵਾਲਾ ਵਲੋਂ ਸਾਹਿਬਜ਼ਾਦਿਆਂ ਨੂੰ ਸਮਰਪਿਤ ਕਵੀ ਦਰਬਾਰ ਗੁਰਦੁਆਰਾ ਜ਼ਫਰਨਾਮਾ ਲੋਹਗੜ੍ਹ ਸਾਹਿਬ ਦੀਨਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇ ਕਰਵਾਇਆ ਗਿਆ ਜਿਸ ਵਿੱਚ ਲੇਖਕਾਂ,ਕਵੀ ਸਹਿਬਾਨਾਂ, ਬੁਧੀਜੀਵੀਆਂ, ਅਤੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਰਾਜਪਾਲ ਸਿੰਘ ਤੇ ਸਾਰਾ ਸਟਾਫ ਹਾਜ਼ਰੀ ਭਰੀ। ਹਾਜ਼ਰ ਕਵੀਆਂ ਵਿੱਚ ਉੱਘੇ ਗੀਤਕਾਰ ਜਸਵੰਤ ਬੋਪਾਰਾਏ, ਲਾਭ ਸਿੰਘ ਡੋਡ ,ਰਜਿੰਦਰ ਭਦੌੜ, ਮੰਦਰ ਅਲਕੜਾ, ਕੁਲਵੰਤ ਮਾਨ, ਜਗਸੀਰ ਮਾਨ, ਹਰਵਿੰਦਰ ਹੈਪੀ ਸਲਾਬਤਪੁਰਾ, ਗੁਰਦੀਪ ਕੈੜਾ ਭਦੌੜ, ਢਾਡੀ ਹਰਭਜਨ ਭੱਟੀ ਬਿਲਾਸਪੁਰ,ਕਰਮ ਸਿੰਘ ਬੀਹਲਾ ਦਾ ਢਾਡੀ ਜਥਾ ,ਕਾਕਾ ਦਮਨਪ੍ਰੀਤ ਭਾਗੀਕੇ, ਅਰਸ਼ਦੀਪ ਭਾਗੀਕੇ, ਬੂਟਾ ਸਿੰਘ ਗੌਂਸਪੁਰਾ ,ਗੁਰਾ ਮਹਿਲ ਭਾਈਰੂਪਾ, ਹਰਪ੍ਰੀਤ ਸਿੰਘ ਪੱਤੋ,



ਨਿਰਮਲ ਸਿੰਘ ਰਣਸੀਂਹ ਕਲਾਂ, ਵੀਰਪਾਲ ਸਿੰਘ ਹਾਕਮ, ਸਿੰਘ ਵਾਲਾ, ਕਰਨੈਲ ਸਿੰਘ ਸੈਦੋਕੇ,ਰੁਪਿੰਦਰ ਸਿੰਘ ਦੀਨਾ, ਪ੍ਰਗਟ ਢਿੱਲੋਂ ਸਮਾਧ ਭਾਈ, ਗੁਰਪ੍ਰੀਤ ਸਿੰਘ ਫਗਵਾੜਾ, ਨਵਜੋਤ ਕੌਰ ਦੀਨਾ, ਪ੍ਰਗਟ ਸਿੰਘ ਢਿੱਲੋਂ ਸਮਾਧ ਭਾਈ, ਅਮਰਜੀਤ ਸਿੰਘ ਫ਼ੌਜੀ ਦੀਨਾ ਸਾਹਿਬ, ਅਮਨਦੀਪ ਕੌਰ ਹਾਕਮ ਸਿੰਘ ਵਾਲਾ, ਅਮ੍ਰਿਤਪਾਲ ਸਿੰਘ ਦੀਨਾ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ। ਇਸ ਸਮੇਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਰਾਜਪਾਲ ਸਿੰਘ, ਪਿੰਡ ਦੀਨਾ ਸਾਹਿਬ ਦੇ ਸਰਪੰਚ ਰਣਜੀਤ ਸਿੰਘ, ਮੈਂਬਰ ਜੁਗਰਾਜ ਸਿੰਘ, ਗੁਰਜੰਟ ਸਿੰਘ, ਅਤੇ ਹੋਰ ਬਹੁਤ ਸਾਰੀਆਂ ਸੰਗਤਾਂ ਹਾਜ਼ਰ ਸਨ ਸਟੇਜ ਦੀ ਕਾਰਵਾਈ ਸਭਾ ਦੇ ਪ੍ਰਧਾਨ ਅਮਰਜੀਤ ਸਿੰਘ ਫ਼ੌਜੀ ਨੇ ਬਾਖੂਬੀ ਨਿਭਾਈ। ਮੰਦਰ ਦਿਓਲ ਅਲਕੜੇ ਨੇ ਸਾਰੇ ਪ੍ਰੋਗਰਾਮ ਨੂੰ ਲਾਈਵ ਟੈਲੀਕਾਸਟ ਕੀਤਾ ਅਖੀਰ ਵਿੱਚ ਅਮਰਜੀਤ ਸਿੰਘ ਫ਼ੌਜੀ ਦੀਨਾ ਸਾਹਿਬ ਨੇ ਪਹੁੰਚੇ ਹੋਏ ਲੇਖਕ ਸਹਿਬਾਨਾਂ ਦਾ ਧੰਨਵਾਦ ਕੀਤਾ। ਉਪਰੰਤ ਅੰਮ੍ਰਿਤਪਾਲ ਸਿੰਘ ਦੀਨਾ ਸਾਹਿਬ ਨੇ ਹਾਜ਼ਰ ਹੋਈਆਂ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਪ੍ਰੈਸ ਨੂੰ ਜਾਣਕਾਰੀ ਸਭਾ ਦੀ ਜਨਰਲ ਸਕੱਤਰ ਬੀਬੀ ਅਮਨਦੀਪ ਕੌਰ ਹਾਕਮ ਸਿੰਘ ਵਾਲਾ ਨੇ ਦਿੱਤੀ।

# ਡਿਪਟੀ ਕਮਿਸ਼ਨਰ ਬਠਿੰਡਾ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਵਾਂਦਰ ਪੱਤੀ ਕੋਟਸ਼ਮੀਰ ਦੀ ਅਧਿਆਪਕਾ ਸੁਮਨਪ੍ਰੀਤ ਕੌਰ ਦਾ ਸਨਮਾਨ

**ਬਠਿੰਡਾ (ਰਮੇਸ਼ਵਰ ਸਿੰਘ)** ਸਾਂਝੀ ਸਿੱਖਿਆ ਪ੍ਰੋਜੈਕਟ ਤਹਿਤ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਅਧਿਆਪਕਾ ਦੇ ਸੁਪਰ 100 ਮੁਕਾਬਲਾ ਪ੍ਰੋਜੈਕਟ ਤਹਿਤ ਜ਼ਿਲ੍ਹੇ ਦੇ ਵਧੀਆ ਅਧਿਆਪਕਾਂ ਦੀ ਚੋਣ ਦਾ ਇਕ ਪ੍ਰੋਜੈਕਟ ਚਲਾਇਆ ਗਿਆ ਸੀ। ਜਿਸ ਵਿਚ 140 ਅਧਿਆਪਕਾਂ ਵੱਲੋਂ ਅਪਲਾਈ ਕੀਤਾ ਗਿਆ ਸੀ, ਇਨ੍ਹਾਂ 140 ਅਧਿਆਪਕਾਂ ਵਿੱਚੋਂ ਸਲੈਕਟ ਕੀਤੇ ਗਏ 14 ਬਿਹਤਰੀਨ ਅਧਿਆਪਕਾਂ ਨੂੰ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਾਂਝੀ ਸਿੱਖਿਆ ਪ੍ਰੋਜੈਕਟ ਦੇ ਅਹੁਦੇਦਾਰਾਂ ਵੱਲੋਂ ਬਠਿੰਡਾ ਦੇ ਡਿਪਟੀ ਕਮਿਸ਼ਨਰ ਹਾਲ ਵਿਖੇ ਬੁਲਾ ਕੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਵੱਲੋਂ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ ਅਤੇ ਜੇਤੂ ਐਵਾਰਡ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਇਸ ਸਨਮਾਨ ਪ੍ਰੋਗਰਾਮ ਮੌਕੇ ਸਰਕਾਰੀ ਐਲੀਮੈਂਟਰੀ ਸਕੂਲ ਵਾਂਦਰ ਪੱਤੀ ਕੋਟ ਸ਼ਮੀਰ ਦੀ ਈ.ਟੀ.ਟੀ ਅਧਿਆਪਕਾ ਸੁਮਨਪ੍ਰੀਤ ਕੌਰ ਸਿੱਧੂ ਨੇ 14 ਬਿਹਤਰੀਨ ਅਧਿਆਪਕਾਂ ਵਿੱਚ ਸ਼ਾਮਿਲ ਹੋ ਕੇ ਇਹ ਸਨਮਾਨ ਪ੍ਰਾਪਤ ਕੀਤਾ।



ਇਸ ਸਨਮਾਨ ਸਮਾਰੋਹ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਮਨਿੰਦਰ ਕੌਰ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਮਹਿੰਦਰ ਪਾਲ ਸਿੰਘ ਵੱਲੋਂ ਵਿਸ਼ੇਸ਼ ਉਪਲਬਧੀਆਂ ਵਾਲੇ ਅਧਿਆਪਕਾਂ ਨੂੰ ਸਨਮਾਨ ਮਿਲਣ ਤੇ ਮੁਬਾਰਕਬਾਦ ਦਿੰਦਿਆ ਅੱਗੇ ਤੋਂ ਵੀ ਇਸੇ ਤਰ੍ਹਾਂ ਕਾਰ ਕਰਨ ਲਈ ਪ੍ਰੇਰਿਤ ਕੀਤਾ। ਸਟੇਟ ਅਵਾਰਡੀ ਅਧਿਆਪਕ ਜਤਿੰਦਰ ਸ਼ਰਮਾਂ ਅਤੇ ਗੁਰਮਿੰਦਰ ਸਿੰਘ ਨੇ ਦੱਸਿਆ ਕਿ ਸੁਮਨਪ੍ਰੀਤ ਕੌਰ ਨੇ ਬੱਚਿਆਂ ਲਈ ਵਧੀਆ ਇਨਫਰਾਸਟਰਕਚਰ ਮੁਹਈਆ ਕਰਵਾਉਣ ਲਈ ਸਕੂਲ ਵਿੱਚ ਅਪਣੇ ਬੇਟੇ ਅਰਮਾਨਦੀਪ ਸਿੰਘ ਸਿੱਧੂ ਦੇ ਜਨਮਦਿਨ ਮੌਕੇ ਸਭ ਤੋ ਪਹਿਲਾ ਸਮਾਰਟ ਕਲਾਸਰੂਮ ਬਣਵਾਇਆ ਅਤੇ ਸਕੂਲ ਨੂੰ ਜਰਨੇਟਰ ਦਾਨ ਦੇ ਕੇ ਨਵੀਂ ਪਿਰਤ ਪਾਈ। ਬਲਦੀਪ ਸਿੰਘ ਪ੍ਰਧਾਨ ਨਗਰ ਪੰਚਾਇਤ ਕੋਟਸ਼ਮੀਰ,ਜਸਕਰਨ ਸਿੰਘ ਸਕੂਲ ਮੈਨੇਜਮੈਂਟ ਕਮੇਟੀ ਚੇਅਰਮੈਨ ਅਤੇ ਉਪ ਪ੍ਰਧਾਨ ਨਗਰ ਪੰਚਾਇਤ ਕੋਟਸ਼ਮੀਰ ਅਤੇ ਨਗਰ ਵੱਲੋਂ ਅਧਿਆਪਕ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਗਈ। ਸਕੂਲ ਦੀ ਅਧਿਆਪਕਾ ਦੀ ਮਿਹਨਤ,ਲਗਨ ਕਰਕੇ ਮਿਲੇ ਇਸ ਸਨਮਾਨ ਤੇ ਸਕੂਲ ਮੁਖੀ ਸੁਰਿੰਦਰ ਕੌਰ,ਮੈਡਮ ਬਿੰਨੀ,ਸੁਨੀਤਾ , ਗੁਰਦੀਪ ਸਿੰਘ, ਰਮਨਦੀਪ ਕੌਰ ,ਗੀਤੇਸ਼ ਖੱਤਰੀ ਨੇ ਵਧਾਈ ਦਿੱਤੀ ।

# ਅੰਬੇਡਕਰ ਮਿਸ਼ਨ ਸੁਸਾਇਟੀ ਨੇ ਸ਼ਹੀਦ ਭਗਤ ਸਿੰਘ ਦੀ ਦੁਰਲਭ ਇਤਿਹਾਸਿਕ ਤਸਵੀਰਦੇਸ਼ ਭਗਤ ਯਾਦਗਾਰ ਕਮੇਟੀ ਨੂੰ ਕੀਤੀ ਭੇਂਟ



ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਸ਼ਹੀਦ ਭਗਤ ਸਿੰਘ ਦੀ ਇਤਿਹਾਸਕ ਤਸਵੀਰ ਭੇਂਟ ਕਰਦੇ ਹੋਏ ਸੁਸਾਇਟੀ ਦੇ ਕਾਰਕੁਨ।













ਸਮਾਗਮ ਦੀਆਂ ਕੁਝ ਝਲਕੀਆਂ।

**ਜਲੰਧਰ (ਸਮਾਜ ਵੀਕਲੀ)** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਪਿਛਲੇ ਦਿਨੀ ਪ੍ਰਮੁੱਖ ਅੰਬੇਡਕਰਵਾਦੀ ਅਤੇ ਬੁੱਧਿਸਟ ਸ਼੍ਰੀ ਰਾਮ ਲਾਲ ਦਾਸ ਦੁਆਰਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੁਆਰਾ ਲਿਖੀਆਂ ਗਈਆਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਤੇ ਲਿਖੀਆਂ ਪੁਸਤਕਾਂ, ਤੇ ਇੱਕ ਅਲਮਾਰੀ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਭੇਂਟ ਕੀਤੀਆ। ਰਾਮ ਲਾਲ ਦਾਸ ਨੇ ਕਿਤਾਬਾਂ ਅਤੇ ਅਲਮਾਰੀ ਦੇ ਕੇ ਦੇਸ਼ ਭਗਤ ਯਾਦਗਾਰ ਕਮੇਟੀ ਦੀ ਲਾਇਬ੍ਰੇਰੀ ਵਿੱਚ ਇੱਕ ਅੰਬੇਡਕਰ ਸਟਡੀ ਕੌਰਨਰ ਦੀ ਸ਼ੁਰੂਆਤ ਕੀਤੀ। ਬਲਦੇਵ ਭਾਰਦਵਾਜ ਨੇ ਕਿਹਾ ਕਿ ਇਸੇ ਸ਼ੁਭ ਮੌਕੇ ਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.), ਜਿਸ ਦਾ ਮੁੱਖ ਦਫਤਰ ਅੰਬੇਡਕਰ ਭਵਨ ਜਲੰਧਰ ਵਿਖੇ ਹੈ, ਵੱਲੋਂ ਸ਼ਹੀਦ ਭਗਤ ਸਿੰਘ ਨਾਲ ਸਫਾਈ ਕਰਮਚਾਰੀ ਬੋਘਾ ਦੀ ਇਤਿਹਾਸਿਕ ਤਸਵੀਰ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ, ਮੀਤ ਪ੍ਰਧਾਨ ਪ੍ਰੋ. ਬਲਬੀਰ, ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਅਤੇ ਸੁਸਾਇਟੀ ਦੇ ਸਰਪ੍ਰਸਤ ਤੇ ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ. ਜੀ.ਸੀ. ਕੌਲ ਦੁਆਰਾ ਭੇਟ ਕੀਤੀ ਗਈ। ਯਾਦ ਰਹੇ ਕਿ ਜੇਲ ਦੌਰਾਨ ਸ਼ਹੀਦ ਭਗਤ ਸਿੰਘ, ਬੋਘਾ ਨੂੰ ਅਕਸਰ ਬੇਬੇ (ਮਾਤਾ) ਕਹਿ ਕੇ ਬੁਲਾਉਂਦੇ ਸਨ ਅਤੇ ਉਸਦੇ ਹੱਥਾਂ ਦੀ ਰੋਟੀ ਖਾਣ ਨੂੰ ਜਿਦ ਕਰਦੇ ਰਹਿੰਦੇ ਸੀ ਅਤੇ ਕਹਿੰਦੇ ਸੀ ਕਿ "ਜੇ ਕੋਈ ਮਨੁੱਖ ਸਿਰਫ ਕਿਸੇ ਦੀ ਗੰਦਗੀ ਚੁੱਕਣ ਨਾਲ ਹੀ ਅਛੂਤ ਹੋ ਜਾਂਦਾ ਹੈ ਤਾਂ ਫਿਰ ਦੁਨੀਆਂ ਦੀ ਹਰ ਮਾਂ ਅਛੂਤ ਹੈ"। ਜਦੋਂ ਬੋਘਾ ਰੋਟੀ ਲੈ ਕੇ ਆਇਆ ਤਾਂ ਭਗਤ ਸਿੰਘ ਨੂੰ ਸਮੇਂ ਤੋ ਪਹਿਲਾਂ ਹੀ ਫਾਂਸੀ ਲਗਾਉਣ ਲਈ ਲਿਜਾ ਚੁੱਕੇ ਸਨ, ਜਿਸ ਤੇ ਬੋਘਾ ਫੁੱਟ ਫੁੱਟ ਕੇ ਰੋਇਆ ਅਤੇ ਕਹਿ ਰਿਹਾ ਸੀ "ਮੈਨੂੰ ਬੇਬੇ ਕਹਿਣ ਵਾਲਾ ਅੱਜ ਚਲਾ ਗਿਆ"। ਯਾਦ ਰਹੇ ਕਿ ਭਾਰਤੀ ਇਤਿਹਾਸ ਦਾ ਇਹ ਦੁਖਦਾਇਕ ਪਹਿਲੂ ਹੈ ਕਿ ਬਹੁਤੇ ਇਤਿਹਾਸਕਾਰਾਂ ਨੇ ਬੋਘੇ ਨੂੰ ਨਜ਼ਰ ਅੰਦਾਜ਼ ਹੀ ਕੀਤਾ ਹੈ। ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੀ ਸੋਚ ਵਿੱਚ ਸਾਂਝੀਵਾਲਤਾ ਸੀ। ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਇਸ ਵਿਸ਼ੇ ਤੇ ਇੱਕ ਕਿਤਾਬ "ਸ਼ਹੀਦ ਭਗਤ ਸਿੰਘ ਅਤੇ ਡਾ. ਅੰਬੇਡਕਰ ਦੀ ਸਿਧਾਂਤਕ ਸਾਂਝ" ਵੀ ਲਿਖੀ ਹੈ ਅਤੇ ਉਸ ਦੀਆਂ ਕਾਪੀਆਂ ਵੀ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਭੇਂਟ ਕੀਤੀਆਂ ਹਨ। ਭਾਰਦਵਾਜ ਨੇ ਕਿਹਾ ਕਿ ਜੇ ਸ਼ਹੀਦ ਭਗਤ ਸਿੰਘ ਦੀ ਸੋਚ, ਬਾਬਾ ਸਾਹਿਬ ਡਾ. ਅੰਬੇਡਕਰ ਦੀ ਸੋਚ, ਤਰਕਸ਼ੀਲ ਅਤੇ ਅਗ੍ਹਾਂ ਵਧੂ ਵਿਚਾਰਧਾਰਾ ਵਾਲੇ ਲੋਕ ਸਿਧਾਂਤਕ ਸਾਂਝ ਬਣਾ ਕੇ ਮਿਲਕੇ ਕੰਮ ਕਰਨ ਤਾਂ ਭਾਰਤ ਦੇਸ਼ ਇੱਕ ਵਾਰ ਫਿਰ ਸੋਨੇ ਦੀ ਚਿੜੀ ਬਣ ਸਕਦਾ। ਇਸ ਮੌਕੇ ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਸ਼੍ਰੀ ਅਜਮੇਰ ਸਿੰਘ, ਸੀਨੀਅਰ ਟਰੱਸਟੀ ਤੇ ਲਾਇਬ੍ਰੇਰੀ ਇੰਚਾਰਜ ਚਰੰਜੀ ਲਾਲ ਕੰਗਣੀਵਾਲ, ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ, ਸੀਨੀਅਰ ਟਰੱਸਟੀ ਭੈਣ ਸੁਰਿੰਦਰ ਕੁਮਾਰੀ ਕੋਛੜ ਜੀ, ਅੰਬੇਡਕਰ ਭਵਨ ਟਰੱਸਟੀ ਹਰਮੇਸ਼ ਜਸਲ, ਗੁਰਦੇਵ ਖੋਖਰ, ਮੈਡਮ ਅੰਮ੍ਰਿਤ ਪਾਲ ਕੌਰ ਅਤੇ ਨਿਰਮਲ ਬਿੰਜੀ ਹਾਜ਼ਰ ਸਨ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ**
**ਸੁਸਾਇਟੀ ਪੰਜਾਬ**
**(ਰਜਿ.)**

# ਗਾਇਕ ਕਰਨ ਰੰਧਾਵਾ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਜਰੂਰਤਮੰਦ ਵਿਦਿਆਰਥੀਆਂ ਨੂੰ ਬੂਟ ਭੇਂਟ ਕੀਤੇ

**ਕਪੂਰਥਲਾ ( ਕੌੜਾ )–** ਸਰਕਾਰੀ ਐਲੀਮੈਂਟਰੀ ਸਕੂਲ ਡੇਰਾ ਸੈਯਦਾਂ ਵਿਖੇ ਪ੍ਰਸਿੱਧ ਪੰਜਾਬੀ ਗਾਇਕ ਕਰਨ ਰੰਧਾਵਾ ਦੇ ਜਨਮ ਦਿਨ ਮੌਕੇ ਉਸਦੇ ਮਾਤਾ ਪਿਤਾ ਨੇ ਸਕੂਲ ਦੇ ਜਰੂਰਤਮੰਦ ਵਿਦਿਆਰਥੀਆਂ ਨੂੰ ਸਰਦੀਆਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਬੂਟ ਤਕਸੀਮ ਕੀਤੇ। ਇਸ ਮੌਕੇ ਬਹੁਤ ਹੀ ਸਾਦਾ ਤੇ ਪ੍ਰਭਾਵਸ਼ਾਲੀ ਸਮਾਰੋਹ ਸਕੂਲ ਮੁੱਖੀ ਦਿਲਜੀਤ ਸਿੰਘ ਜੰਮੂ ਦੀ ਅਗਵਾਈ ਵਿੱਚ ਕਰਵਾਇਆ ਗਿਆ। ਜਿਸ ਵਿੱਚ ਜਰੂਰਤਮੰਦ ਵਿਦਿਆਰਥੀਆਂ ਨੂੰ ਬੂਟ ਤਕਸੀਮ ਕਰਨ ਉਪਰੰਤ ਗਾਇਕ ਕਰਨ ਰੰਧਾਵਾ ਦੇ ਪਿਤਾ ਬਲਵਿੰਦਰ ਸਿੰਘ ਨੇ ਕਿਹਾ ਕਿ ਉਹਨਾਂ ਨੇ ਹਮੇਸ਼ਾ ਹੀ ਜਰੂਰਤਮੰਦ ਵਿਦਿਆਰਥੀਆਂ ਦੀ ਮਦਦ ਕੀਤੀ ਹੈ ਤੇ ਭਵਿੱਖ ਵਿੱਚ ਵੀ ਉਹ ਇਸੇ ਪ੍ਰਕਾਰ ਹੀ ਕਰਦੇ ਰਹਿਣਗੇ। ਉਹਨਾਂ ਕਿਹਾ ਕਿ ਖੁਸ਼ੀ ਨੂੰ ਵੰਡਿਆ ਦੁਗਣੀ ਹੋ ਜਾਂਦੀ ਹੈ ।ਇਸ ਇਸ ਲਈ ਕਰਨ ਰੰਧਾਵਾ ਦੇ ਜਨਮ ਦਿਨ ਦੀ ਖੁਸ਼ੀ ਇਹਨਾਂ ਜਰੂਰਤਮੰਦ ਵਿਦਿਆਰਥੀਆਂ ਦੀ ਜਰੂਰਤ ਪੂਰੀ ਕਰਕੇ ਮਨਾਈ ਜਾ ਰਹੀ ਹੈ। ਉਹਨਾਂ ਨੇ ਹੋਰ ਵੀ ਦਾਨੀ ਸੱਜਣਾਂ ਨੂੰ ਇਸ ਪਵਿੱਤਰ ਕਾਰਜਾਂ ਲਈ ਅੱਗੇ ਆਉਣ ਲਈ ਕਿਹਾ । ਇਸ ਮੌਕੇ ਦਰਸ਼ਨ ਸਿੰਘ, ਮਹਿੰਦਰ ਕੌਰ ,ਬਲਵਿੰਦਰ ਸਿੰਘ, ਜਸਵੀਰ ਕੌਰ ,ਮਨਜੀਤ ਕੌਰ, ਅਮਰੀਕ ਸਿੰਘ ਜੋਤੀ, ਰੰਧਾਵਾ ਆਸ਼ਾ ਰੰਧਾਵਾ,ਮਮਤਾ ਰੰਧਾਵਾ, ਅਨੁਰਾਧਾ ,ਮੰਨੂ ਗੁਜਰਾਲ , ਪਰਮਜੀਤ ਕੌਰ ਆਦਿ ਸਮੂਹ ਸਟਾਫ਼ ਹਾਜ਼ਰ ਸੀ।



# ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਬੰਧੀ ਸਮਾਗਮ

**ਕਪੂਰਥਲਾ, ( ਕੌੜਾ )** – ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਪੈਸ਼ਲ ਅਸੈਂਬਲੀ ਕਰਵਾਈ ਗਈ । ਇਸ ਦੌਰਾਨ ਵਿਦਿਆਰਥੀਆਂ ਨੇ ਸ਼ਬਦ ਗਾਇਨ ਰਾਹੀਂ ਧਾਰਮਿਕ ਸਮਾਗਮ ਦਾ ਆਗਾਜ਼ ਕੀਤਾ । ਨੌਵੀਂ ਜਮਾਤ ਦੀ ਵਿਦਿਆਰਥਣ ਸਿਮਰਨਪ੍ਰੀਤ ਕੌਰ ਨੇ ਕਵਿਤਾ ਰਾਹੀਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਸਬੰਧੀ ਵਿਦਿਆਰਥੀਆਂ ਨੂੰ ਸੰਖੇਪ ਜਾਣਕਾਰੀ ਦਿੱਤੀ । ਪ੍ਰਾਇਮਰੀ ਅਤੇ ਸੀਨੀਅਰ ਵਿੰਗ ਦੇ ਲ ੜ ਕਿ ਆਂ ਦਰਮਿਆਨ ਦਸਤਾਰ ਸਜਾਉਣ ਦੀ ਪ੍ਰਤਿਯੋਗਿਤਾ ਕਰਵਾਈ ਗਈ, ਜਿਸ ਵਿੱਚ ਪ੍ਰਾਇਮਰੀ ਵਿੰਗ ਦਾ ਪੰਜਵੀਂ ਜਮਾਤ ਦਾ ਅਰਮਾਨ ਸਿੰਘ ਪਹਿਲੇ, ਪੰਜਵੀਂ ਜਮਾਤ ਦਾ ਹੀ



ਦਮਨਪ੍ਰੀਤ ਸਿੰਘ ਦੂਜੇ, ਚੌਥੀ ਜਮਾਤ ਦਾ ਗੁਰਨੂਰ ਸਿੰਘ ਅਤੇ ਸਾਹਿਬਪ੍ਰੀਤ ਸਿੰਘ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਰਹੇ । ਸੀਨੀਅਰ ਵਿੰਗ 'ਚੋਂ ਸੱਤਵੀਂ ਜਮਾਤ ਦਾ ਸਮਰਵੀਰ ਸਿੰਘ ਅਤੇ ਅੱਠਵੀਂ ਜਮਾਤ ਦਾ ਅਨਹਦ ਸਿੰਘ ਪਹਿਲੇ, ਅੱਠਵੀਂ ਜਮਾਤ ਦੇ ਗੁਰਸ਼ਾਨ ਸਿੰਘ ਤੇ ਮਨਮੀਤ ਸਿੰਘ ਸਾਂਝੇ ਤੌਰ 'ਤੇ ਦੂਜੇ ਅਤੇ ਛੇਵੀਂ ਜਮਾਤ ਦੇ ਕਰਨਵੀਰ ਸਿੰਘ, ਰਮਨੀਕ ਸਿੰਘ, ਮਨਜਾਪ ਸਿੰਘ ਅਤੇ ਜੋਬਨਦੀਪ ਸਿੰਘ ਸਾਂਝੇ ਤੌਰ 'ਤੇ ਤੀਸਰਾ ਸਥਾਨ ਹਾਸਲ ਕਰਨ ਵਿਚ ਸਫਲ ਰਹੇ । ਇਸ ਦੌਰਾਨ ਵਿਦਿਆਰਥੀਆਂ ਨੂੰ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਧਾਰਮਿਕ ਫਿਲਮ ਚਾਰ ਸਾਹਿਬਜ਼ਾਦੇ ਵੀ ਦਿਖਾਈ ਗਈ । ਸਕੂਲ ਦੇ ਪ੍ਰਾਈਮਰੀ ਵਿੰਗ ਦੇ ਵਿਦਿਆਰਥੀ ਸ਼ਹਾਦਤ ਦੇ ਰੰਗ ਵਿੱਚ ਰੰਗੇ ਹੋਏ ਚਿੱਟੇ ਕੁੜਤੇ ਪਜਾਮੇ ਅਤੇ ਅਤੇ ਕੇ ਜੀ ਵਿੰਗ ਦੇ ਬੱਚੇ ਕੇਸਰੀ ਪੱਗਾਂ ਵਿੱਚ ਨਜ਼ਰ ਆਏ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਕੋਟਨ ਕੋਟ ਪ੍ਰਣਾਮ ਕੀਤਾ ।

# ਸੋਚਣ ਢੰਗ ਵਿਗਿਆਨਕ ਬਣਾਓ:ਮਾਸਟਰ ਪਰਮਵੇਦ







**ਸੰਗਰੂਰ** । ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਅਜ ਸਥਾਨਕ ਆਦਰਸ਼ (ਮਾਡਲ) ਸੀਨੀਅਰ ਸੈਕੰਡਰੀ ਸਕੂਲ ਵਿਖੇ ਲੱਗੇ ਸੱਤ ਰੋਜ਼ਾ ਕੌਮੀ ਸੇਵਾ ਯੋਜਨਾ ਕੈਂਪ ਵਿੱਚ ਮਹਿਮਾਨੀ ਭਾਸ਼ਣ ਦੇਣ ਲਈ ਸ਼ਿਰਕਤ ਕੀਤੀ। ਕੈਂਪ ਕਮਾਂਡਰ ਗੁਰਪ੍ਰੀਤ ਕੌਰ ਨੇ ਤਰਕਸ਼ੀਲ ਆਗੂ ਦਾ ਸਵਾਗਤ ਕਰਦਿਆਂ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ।

ਮਾਸਟਰ ਪਰਮ ਵੇਦ ਨੇ ਆਪਣੀ ਜਾਣ ਪਛਾਣ ਕਰਾਉਂਦਿਆਂ ਦੱਸਿਆ ਕਿ ਉਹ ਲੋਕਾਂ ਦੀ ਸੋਚ ਨੂੰ ਵਿਗਿਆਨਕ ਲੀਹ ਤੇ ਤੋਰਨ ਵਾਲੀ ਤਰਕਸ਼ੀਲ ਸੁਸਾਇਟੀ ਵਿੱਚ ਕਿਵੇਂ ਆਏ। ਉਨ੍ਹਾਂ ਵਲੰਟੀਅਰਜ਼ ਤੇ ਕੈਂਪ ਆਯੋਜਕਾਂ ਨੂੰ ਆਪਣੇ ਸੰਬੋਧਨ ਵਿੱਚ ਅੰਧਵਿਸ਼ਵਾਸ਼ਾਂ, ਵਹਿਮਾਂ ਭਰਮਾਂ, ਲਾਈਲਗਤਾ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਭਾਵਪੂਰਤ ਸੁਨੇਹਾ ਦਿੱਤਾ।ਉਨ੍ਹਾਂ ਹਾਜਰੀਨ ਨੂੰ ਹਿੰਮਤ, ਲਗਨ ,ਲਗਾਤਾਰਤਾ ਦੇ ਨਾਲ ਕੀ,ਕਿਉਂ ਕਿਵੇਂ ਆਦਿ ਗੁਣ ਜਿਹੜੇ ਸਮਾਜਿਕ ਤੇ ਕੁਦਰਤੀ ਵਰਤਾਰਿਆਂ ਦੀ ਸਚਾਈ ਦੀ ਤਹਿ ਤੱਕ ਜਾਣ ਲਈ ਜਰੂਰੀ ਹੁੰਦੇ ਹਨ, ਅਪਨਾਉਣ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਸਾਡੇ ਸਾਰਿਆਂ ਲਈ ਜ਼ਿੰਦਗੀ ਜਿਊਣ ਦਾ ਆਦਰਸ਼ ਹੋਣਾ ਚਾਹੀਦਾ ਹੈ , ਸੁਪਨੇ ਲੈ ਕੇ ਉਨ੍ਹਾਂ ਨੂੰ ਪੂਰੀ ਕਰਨ ਦੀ ਤਾਂਘ ਹੋਣੀ ਚਾਹੀਦੀ ਹੈ। ਉਨ੍ਹਾਂ ਬਹੁਤ ਸਾਰੇ ਮਨੋਕ-ਲਪਿਤ ਭੂਤਾਂ, ਪ੍ਰੇਤਾਂ,ਜਿੰਨ,ਚੂੜੇਲਾਂ ਦੇ ਸਤਾਏ ਪੀੜਿਤ ਪਰਿਵਾਰਾਂ ਨੂੰ ਨਿਜ਼ਾਤ ਦਵਾਉਣ ਦੇ ਕੇਸਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਜੋਤਿਸ਼ ਤੇ ਵਾਸਤੂ ਸ਼ਾਸਤਰ ਗੈਰ ਵਿਗਿਆਨਕ ਹਨ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਧਾਰਮਿਕ ਲੋਕ ਰਿਸ਼ਵਤਖੋਰ ਹਨ। ਉਨ੍ਹਾਂ ਕਿਹਾ ਕਿ ਵਿਗਿਆਨਕ ਵਿਚਾਰਾਂ ਦਾ ਧਾਰਨੀ ਮਨੁੱਖ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ ਤੇ ਦ੍ਰਿੜ੍ਹ ਇਰਾਦਾ ਰੱਖਦਾ ਹੈ, ਅੰਧਵਿਸ਼ਵਾਸੀ ਵਿਅਕਤੀ ਲਾਈਲੱਗ ਤੇ ਕਿਸਮਤਵਾਦੀ ਹੋਣ ਕਰਕੇ ਕਮਜ਼ੋਰ ਮਾਨਸਿਕਤਾ ਦਾ ਮਾਲਕ ਹੁੰਦਾ ਹੈ।

ਆਯੋਜਕਾਂ ਵੱਲੋਂ ਮਾਸਟਰ ਪਰਮਵੇਦ ਨੂੰ ਸਨਮਾਨਿਤ ਵੀ ਕੀਤਾ ਗਿਆ। ਸਕੂਲ ਪ੍ਰਿੰਸੀਪਲ ਜੋਗਾ ਸਿੰਘ ਨੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਹਾਜ਼ਰੀਨ ਨੂੰ ਵਿਗਿਆਨਕ ਸੋਚ ਦੇ ਧਾਰਨੀ ਹੋਣ ਦਾ ਹੋਕਾ ਦਿੰਦਾ। ਉਪਰੋਕਤ ਤੋਂ ਇਲਾਵਾ ਇਸ ਸਮਾਗਮ ਵਿੱਚ ਸਹਾਇਕ ਕੈਂਪ ਕਮਾਂਡਰ ਕੁਲਵੀਰ ਸਿੰਘ, ਲੈਕਚਰਾਰ ਮੇਵਾ ਸਿੰਘ,ਮੈਡਮ ਸ਼ੁਭਲਤਾ, ਗੁਰਵੀਰ ਸਿੰਘ ਨੇ ਸ਼ਮੂਲੀਅਤ ਕੀਤੀ। ਵਿਗਿਆਨ ਦੀ ਬਾਰਵੀਂ ਜਮਾਤ ਦੀ ਵਿਦਿਆਰਥਣ ਦਿਲਪ੍ਰੀਤ ਕੌਰ ਨੇ ਸਟੇਜ ਸੰਚਾਲਨ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ।

**ਮਾਸਟਰ ਪਰਮਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ**
**ਪੰਜਾਬ**
**9417422349**

# ਉੱਘੇ ਬਿਜਨਸਮੈਨ ਤੇ ਸਮਾਜ ਸੇਵਕ ਸ. ਅਵਤਾਰ ਸਿੰਘ ਦਾਲੀ ਨੂੰ ਸਦਮਾ, ਧਰਮਪਤਨੀ ਦਾ ਦੇਹਾਂਤ

**ਫਿਲੌਰ/ਅੱਪਰਾ (ਜੱਸੀ)**-ਪਿੰਡ ਗੜੀ ਮਹਾਂ ਸਿੰਘ ਦੇ ਸਰਪੰਚ, ਉੱਘੇ ਬਿਜਨਸਮੈਨ ਤੇ ਸਮਾਜ ਸੇਵਕ ਸ. ਅਵਤਾਰ ਸਿੰਘ ਦਾਲੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨਾਂ ਦੀ ਧਰਮਪਤਨੀ ਸ੍ਰੀਮਤੀ ਹਰਜਿੰਦਰ ਕੌਰ ਸੰਧੂ ਦੀ ਬੀਤੇ ਦਿਨੀਂ ਬੇਵਕਤੀ ਮੌਤ ਹੋ ਗਈ । ਉਨਾਂ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਉਨਾਂ ਦੇ ਗ੍ਰਹਿ ਪਿੰਡ ਗੜੀ ਮਹਾਂ ਸਿੰਘ ਵਿਖੇ ਕਰਵਾਈ ਗਈ । ਇਸ ਮੌਕੇ ਇਲਾਕੇ ਭਰ ਦੇ ਵੱਖ-ਵੱਖ ਰਾਜਨੀਤਿਕ ਲੀਡਰਾਂ, ਸਰਪੰਚਾਂ, ਪੰਚਾਂ ਤੇ ਸਮਾਜ ਸੈਵੀ ਸੰਸਥਾਵਾਂ ਨੇ ਉਨਾਂ ਨਾਲ ਗਹਿਰਾ ਦੁਖ ਪ੍ਰਗਟ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਣ ਤੇ ਪਿੱਛੋਂ ਪਰਿਵਾਰ ਨੂੰ



ਭਾਣਾ ਮੰਨਣ ਦਾ ਬਲ ਬਖਸ਼ਣ । ਸ. ਅਵਤਾਰ ਸਿੰਘ ਦਾਲੀ ਦੇ ਛੋਟੇ ਭਰ ਸ. ਸੋਹਣ ਸਿੰਘ ਸੰਧੂ ਵੀ ਪਿੰਡ ਦੇ ਸਰਪੰਚ ਰਹਿ ਚੁੱਕੇ ਹਨ ਤੇ ਪੂਰੇ ਇਲਾਕੇ ਭਰ 'ਚ ਸਮੂਹ ਪਰਿਵਾਰ ਨੂੰ ਪੂਰੇ ਮਾਣ ਸਨਮਾਨ ਨਾਲ ਦੇਖਿਆ ਜਾਂਦਾ ਹੈ ।

## ਵਾਰਡ 24 ਦੇ ਵਾਸੀਆਂ ਨਾਲ ਕੀਤਾ ਹਰ ਇੱਕ ਵਾਅਦਾ ਪੂਰਾ ਕੀਤਾ ਜਾਵੇਗਾ– ਗੁਰਮੀਤ ਸਿੰਘ ਮੁੰਡੀਆਂ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਨਗਰ ਨਿਗਮ ਚੋਣਾਂ ਦੇ ਆਏ ਨਤੀਜਿਆਂ ਵਿੱਚ ਵਾਰਡ 24 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੁੰਡੀਆਂ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਉਹਨਾਂ ਗੱਲਬਾਤ ਦੌਰਾਨ ਇਸ ਜਿੱਤ ਲਈ ਵਾਰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਪਹਿਲਾਂ ਦੀ ਤਰ੍ਹਾਂ ਹੀ ਵਾਰਡ ਵਾਸੀਆਂ ਦੀ ਸੇਵਾ ਵਿੱਚ ਹਾਜ਼ਰ ਰਹਿਣਗੇ । ਉਹਨਾਂ ਕਿਹਾ ਕਿ ਵਾਰਡ ਵਾਸੀਆਂ ਨੂੰ ਬਿਹਤਰ ਮੁੱਢਲੀਆਂ ਸਹੂਲਤਾਂ ਪਹਿਲ ਦੇ ਅਧਾਰ ਤੇ ਮੁਹੱਈਆ ਕਰਵਾਈਆਂ ਜਾਣਗੀਆਂ । ਵਾਰਡ 24 ਨੂੰ ਇੱਕ ਨਮੂਨੇ ਦਾ ਵਾਰਡ ਬਣਾਇਆ ਜਾਵੇਗਾ



ਮੁੰਡੀਆਂ ਨੇ ਸ਼ਾਨਦਾਰ ਜਿੱਤ ਦਿਵਾਉਣ ਤੇ ਇਲਾਕਾ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ । ਸ੍ਰ: ਮੁੰਡੀਆਂ ਦੀ ਜਿੱਤ ਨਾਲ ਇਲਾਕਾ ਨਿਵਾਸੀਆਂ ਵਿੱਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ ।

# ਜ਼ਿਲ੍ਹਾ ਰੋਜ਼ਗਾਰ ਬਿਊਰੋ ਤੇ ਮਾਡਲ ਕਰੀਅਰ ਸੈਂਟਰ ਵਿਖੇ ਮਨਾਇਆ ਗਿਆ ਸੰਸਾਰ ਦਿਵਸ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਦਿਵਿਆਂਗ ਪ੍ਰਾਰਥੀਆਂ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਵੱਲੋਂ ਡੀ.ਬੀ.ਈ.ਈ. ਵਿਖੇ ਸੰਸਾਰ ਦਿਵਸ ਮਨਾਇਆ ਗਿਆ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਰਮਨਦੀਪ ਕੌਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਿਊਰੋ ਵਿੱਚ ਰਜਿਸਟਰਡ ਦਿਵਿਆਂਗ ਪ੍ਰਾਰਥੀਆਂ ਨੂੰ ਫੋਨ ਰਾਹੀਂ ਸੂਚਿਤ ਕਰਕੇ ਦਫ਼ਤਰ ਵਿਖੇ ਬੁਲਾਇਆ ਗਿਆ ਅਤੇ ਅੱਜ 52 ਦਿਵਿਆਂਗ ਪ੍ਰਾਰਥੀਆਂ ਵਲੋਂ ਡੀ.ਬੀ.ਈ.ਈ. ਵਿਖੇ ਸ਼ਮੂਲੀਅਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸੰਸਾਰ ਦਿਵਸ ਮਨਾਉਣ ਦਾ ਮੁੱਖ ਮੰਤਵ ਦਿਵਿਆਂਗ ਪ੍ਰਾਰਥੀਆਂ ਲਈ ਚਲਾਈਆਂ ਜਾ ਰਹੀਆਂ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਬਾਰੇ ਜਾਣੂ ਕਰਵਾਉਣਾ ਹੈ। ਪਲੇਸਮੈਂਟ ਅਫਸਰ ਰਾਕੇਸ਼ ਕੁਮਾਰ ਨੇ ਰੋਜ਼ਗਾਰ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਕਿਰਤ ਅਤੇ ਰੋਜ਼ਗਾਰ ਮੰਤਰਾਲੇ (ਐਨ.ਸੀ.ਐਸ.ਸੀ-ਡੀ.ਏ ਲੁਧਿਆਣਾ) ਤੋਂ ਅਸਿਸਟੈਂਟ ਡਾਇਰੈਕਟਰ ਅਸ਼ੀਸ਼ ਕੁਮਾਰ ਕੁੱਲੂ, ਡਾਇਰੈਕਟਰ ਆਰ.ਸੇਟੀ, ਜ਼ਿਲ੍ਹਾ ਉਦਯੋਗ ਕੇਂਦਰ, ਲੀਡ ਜ਼ਿਲ੍ਹਾ ਮੈਨੇਜਰ ਅਤੇ ਐਸ.ਸੀ. ਕਾਰਪੋਰੇਸ਼ਨ ਦਫਤਰ ਦੇ ਨੁਮਾਇੰਦਿਆਂ ਵੱਲੋ ਆਪਣੇ-ਆਪਣੇ ਵਿਭਾਗ ਵਿੱਚ ਚੱਲ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਸੰਸਾਰ ਦਿਵਸ ਦੇ ਮੌਕੇ ਤੇ ਲੁਧਿਆਣਾ ਬੈਵੇਰੇਜਸ (ਕੋਕਾ ਕੋਲਾ ਲਿਮਟਡ) ਹੁਸ਼ਿਆਰਪੁਰ ਅਤੇ ਰਿਲਾਇੰਸ ਇੰਡਸਟਰੀਜ਼ ਚੌਹਾਲ ਦੇ ਨੁਮਾਇੰਦਿਆਂ ਵੱਲੋਂ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ ਦਿਵਿਆਂਗ ਪ੍ਰਾਰਥੀਆਂ ਨੂੰ ਕੰਬਲ ਅਤੇ ਸਟੇਸ਼ਨਰੀ ਕਿੱਟਾਂ ਭੇਂਟ ਕੀਤੀਆਂ ਗਈਆਂ। ਜ਼ਿਲ੍ਹਾ ਰੋਜ਼ਗਾਰ ਅਫਸਰ ਨੇ ਜ਼ਿਲ੍ਹੇ ਦੇ ਬੇਰੋਜ਼ਗਾਰ ਲੋੜਵੰਦ ਪ੍ਰਾਰਥੀਆਂ ਨੂੰ ਡੀ.ਬੀ.ਈ.ਈ ਵਿਖੇ ਵਿਜ਼ਟ ਕਰਨ ਦੀ ਅਪੀਲ ਕੀਤੀ।

# ਬਲਾਕ ਹਾਰਟਾ ਬਡਲਾ ਵਿਖੇ ਬੱਚਿਆਂ ਲਈ ਵਿਸ਼ੇਸ਼ ਪੇਂਟਾਵੇਲੈਂਟ ਟੀਕਾਕਰਣ ਮੁਹਿੰਮ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਸਰਜਨ ਹੁਸ਼ਿਆਰਪੁਰ ਡਾ.ਪਵਨ ਕੁਮਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ.ਮਨਪ੍ਰੀਤ ਸਿੰਘ ਬੈਂਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 31 ਦਸੰਬਰ 2024 ਤੱਕ ਬੱਚਿਆਂ ਲਈ ਸ਼ੁਰੂ ਕੀਤੀ ਗਈ ਵਿਸ਼ੇਸ਼ ਪੇਂਟਾਵੇਲੈਂਟ ਅਤੇ ਹੋਰ ਵੈਕਸੀਨੇਸ਼ਨ ਦੀ ਵਿਸ਼ੇਸ਼ ਮੁਹਿੰਮ ਤਹਿਤ ਅੱਜ ਬਲਾਕ ਦੇ ਵੱਖ ਵੱਖ ਹਾਈ ਰਿਸਕ ਏਰੀਆ ਜਿਵੇਂ ਕਿ ਝੁੱਗੀ ਝੋਪੜੀ ਇੱਟਾਂ ਦੇ ਭੱਠੇ ਅਤੇ ਕੰਸਟ੍ਰਕਸ਼ਨ ਸਾਈਟਾਂ ਤੇ ਰਹਿੰਦੇ ਛੋਟੇ ਬੱਚਿਆਂ ਦੇ ਟੀਕਾਕਰਨ ਸੈਸ਼ਨ ਲਗਾਏ ਗਏ। ਇਸ ਮੌਕੇ ਹਾਜ਼ਰ ਐਲ.ਐਚ.ਵੀ ਦਵਿੰਦਰਜੀਤ ਕੌਰ ਨੇ ਦੱਸਿਆ ਕਿ ਬੱਚਿਆਂ ਨੂੰ 11 ਮਾਰੂ ਬਿਮਾਰੀਆਂ ਤੋਂ ਸੁਰੱਖਿਅਤ ਕਰਨ ਲਈ ਬੱਚਿਆਂ ਦਾ ਟੀਕਾਕਰਨ ਬਹੁਤ ਜ਼ਰੂਰੀ ਹੈ। ਉਨਾਂ ਕਿਹਾ ਕਿ ਇਸ ਮੁਹਿੰਮ ਦੌਰਾਨ ਬੱਚਿਆਂ ਦੇ ਪੇਂਟਾਵੇਲੈਂਟ ਦੇ ਨਾਲ ਨਾਲ ਬਾਕੀ ਰਹਿੰਦੇ ਟੀਕੇ ਵੀ ਲਗਾਏ ਜਾਣਗੇ ਕਿਉਂਕਿ ਟੀਕਾਕਰਨ ਹਰ ਬੱਚੇ ਦਾ ਅਧਿਕਾਰ ਹੈ ਤੇ ਕੋਈ ਵੀ ਬੱਚਾ ਇਸ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਇਸ ਤੋਂ ਇਲਾਵਾ ਸੰਪੂਰਨ ਟੀਕਾਕਰਣ ਤੋਂ ਵਾਂਝੇ,ਲੈਫਟ ਆਊਟ ਅਤੇ ਡਰਾਪ ਆਊਟ ਬੱਚਿਆਂ ਦੇ ਟੀਕਾਕਰਨ ਤੇ ਵਿਸ਼ੇਸ਼ ਫੋਕਸ ਕੀਤਾ ਜਾਵੇਗਾ। ਉਨਾਂ ਦੱਸਿਆ ਕਿ ਸੈਸ਼ਨ ਸਾਈਟਾਂ ਤੇ ਸਾਰੇ ਟੀਕੇ ਉਪਲਬਦ ਰਹਿਣਗੇ ਤਾਂ ਕਿ ਕੋਈ ਵੀ ਬੱਚਾ ਟੀਕਾਕਰਨ ਤੋਂ ਵਾਂਝਾਂ ਨਾ ਰਹੇ। ਉਹਨਾਂ ਬੱਚਿਆਂ ਦੇ ਮਾਤਾ ਪਿਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਬੱਚਿਆਂ ਦੇ ਪੇਂਟਾਵੇਲੈਂਟ ਦੇ ਨਾਲ ਨਾਲ ਬਾਕੀ ਰਹਿੰਦੇ ਟੀਕੇ ਵੀ ਸਮੇਂ ਸਿਰ ਲਗਵਾਉਣ ਤਾਂ ਜੋ ਬੱਚਿਆਂ ਨੂੰ 11 ਮਾਰੂ ਬੀਮਾਰੀਆਂ ਤੋਂ ਬਚਾਇਆ ਜਾ ਸਕੇ। ਉਨਾਂ ਕਿਹਾ ਕਿ ਸੰਪੂਰਨ ਟੀਕਾਕਰਨ ਨਾਲ ਹੀ ਬੱਚਿਆਂ ਦਾ ਵੀ ਸੰਪੂਰਨ ਵਿਕਾਸ ਹੋ ਸਕਦਾ ਹੈ। ਇਸ ਲਈ ਮਾਤਾ ਪਿਤਾ ਆਪਣੇ ਨੇੜੇ ਦੇ ਸਿਹਤ ਕੇਂਦਰ ਜਾਂ ਸਪੈਸ਼ਲ ਸਾਈਟ ਤੇ ਲਗਾਏ ਗਏ ਸੈਸ਼ਨ ਤੇ ਖੁਦ ਜਾ ਕੇ ਆਪਣੇ ਬੱਚੇ ਦਾ ਟੀਕਾਕਰਣ ਜ਼ਰੂਰ ਕਰਵਾਉਣ।

# ਆਰ. ਸੀ. ਐੱਫ. ਮਜ਼ਦੂਰ ਯੂਨੀਅਨ ਨੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ

**ਕਪੂਰਥਲਾ ( ਕੌੜਾ )-** ਆਰ. ਸੀ. ਐਫ. ਦੀ ਕਰਾਸ ਕੰਟਰੀ ਟੀਮ ਨੇ ਅੰਤਰ ਰੇਲਵੇ ਖੇਡਾਂ ਵਿੱਚ ਸੋਨ ਤਗਮਾ ਜਿੱਤਣ ਮੌਕੇ ਜੇਤੂ ਖਿਡਾਰੀ ਨੂੰ ਸਨਮਾਨਿਤ ਕਰਨ ਉਪਰੰਤ ਬੋਲਦਿਆਂ ਹੋਇਆ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਰਾਮ ਰਤਨ ਸਿੰਘ ਨੇ ਕਿਹਾ, "ਆਰ. ਸੀ. ਐਫ. ਵਿੱਚ ਖੇਡਾਂ ਪ੍ਰਤੀ ਜਨੂੰਨ, ਜਿਸ ਤਰ੍ਹਾਂ ਸਟਾਫ ਅਤੇ ਬੱਚੇ ਸਖ਼ਤ ਮਿਹਨਤ ਕਰਦੇ ਹਨ, ਵੱਡੇ ਸਨਮਾਨ ਅਤੇ ਮੈਡਲ ਜਿੱਤਦੇ ਹਨ। ਸਾਨੂੰ ਉਸ ਪਰਿਵਾਰ ਦਾ ਹਿੱਸਾ ਬਣਨ 'ਤੇ ਮਾਣ ਮਹਿਸੂਸ ਹੁੰਦਾ ਹੈ।

ਰੇਲ ਕੋਚ ਫੈਕਟਰੀ ਕਪੂਰਥਲਾ ਦੀ ਗੋਲਡ ਮੈਡਲ ਜੇਤੂ ਟੀਮ ਨੂੰ ਮਜ਼ਦੂਰ ਯੂਨੀਅਨ ਵੱਲੋਂ ਸਨਮਾਨਿਤ ਕੀਤਾ ਗਿਆ। ਜਿਸ ਵਿੱਚ ਭਵਿੱਸ਼,ਸਾਵਨ, ਰਵੀ,ਅਰੁਜਨ, ਵਿਸ਼ਣੂ ਵੀਰ ਸਿੰਘ, ਤਜਿੰਦਰ ਸਿੰਘ,ਜੋਗਿੰਦਰ ਸਿੰਘ ਜੋਗੀ ਸ਼ਾਮਿਲ ਸਨ। ਇਸ ਮੌਕੇ ਤੇ ਅਭਿਸ਼ੇਕ ਸਿੰਘ ਪ੍ਰਧਾਨ ਮਜ਼ਦੂਰ ਯੂਨੀਅਨ, ਕਮਲਜੀਤ ਸਿੰਘ,ਵੀਰੇਂਦਰ ਸਿੰਘ,ਪਾਲ ਸਿੰਘ, ਪ੍ਰੀਤਮ ਸਿੰਘ, ਮਨੋਜ ਕੁਮਾਰ, ਸੁਰਿੰਦਰ ਸਿੰਘ,ਨਿਰਮਲ ਸਿੰਘ, ਪ੍ਰਵੀਣ ਕੁਮਾਰ, ਵੀਰੇਂਦਰ ਸਿੰਘ, ਰਜਿੰਦਰ ਮੀਣਾ, ਨਮੋ ਨਰਾਇਣ ਮੀਣਾ, ਪਰਮਿੰਦਰ ਸਿੰਘ, ਮਨਜੀਤ ਸਿੰਘ, ਜਸਵਿੰਦਰ ਸਿੰਘ, ਛੈਲ ਬਿਹਾਰੀ ਮੀਣਾ, ਸ਼ਕਤੀ ਸ਼ਰਮਾ, ਗਗਨਦੀਪ ਸਿੰਘ, ਸ਼ਿਵਮ ਵਰਮਾ,ਸ਼ਿਵ ਸਿੰਘ, ਰਾਮ ਭਜਨ ਸਿੰਘ, ਜਗਦੀਸ਼, ਸ਼ੰਕਰ ਲਾਲ ਯਾਦਵ, ਬਾਬੂਲਾਲ, ਕਿਸ਼ੋਰ ਕੁਮਾਰ, ਇੰਦਰਜੀਤ ਸਿੰਘ, ਸਤੀਸ਼ ਕੁਮਾਰ, ਗਨੇਸ਼ ਦੱਤ, ਸੁਰਿੰਦਰ ਕੁਮਾਰ,ਸਾਗਰ ਸੁਮਨ, ਰੇਵਲ ਸਿੰਘ, ਬਲਬੀਰ ਚੰਦ,ਪਰਨਿਸ ਕੁਮਾਰ, ਜਸਵਿੰਦਰ ਸਿੰਘ ਬਾਲੀ, ਰਮੇਸ਼, ਨਿਰਮਲ ਸਿੰਘ, ਗੁਰਜੀਤ ਸਿੰਘ ਗੋਪੀ,ਪ੍ਰਵੀਣ ਕੁਮਾਰ, ਅਮਰੀਕ ਸਿੰਘ, ਇਕਬਾਲ ਸਿੰਘ ਆਦਿ ਮੌਜੂਦ ਸਨ।



# ਅਮਿਤ ਸ਼ਾਹ ਦੇ ਅਜਿਹੇ 'ਸਵਰਗ' ਨੂੰ ਅਸੀਂ ਲੱਤ ਮਾਰਦੇ ਹਾਂ, ਸਾਨੂੰ ਸਿਰਫ਼ ਬਾਬਾ ਸਾਹਿਬ ਵਾਲੇ ਸਮਾਜ ਦੀ ਹੀ ਲੋੜ-ਸੋਮ ਦੱਤ ਸੋਮੀ

**ਫਿਲੌਰ/ਅੱਪਰਾ (ਜੱਸੀ)-** ਬੀਤੇ ਦਿਨੀਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਬਾਬਾ ਸਾਹਿਬ ਬਾਰੇ ਦਿੱਤੇ ਗਏ ਬਿਆਨ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਕੋ-ਚੇਅਰਮੈਨ ਜਿਲਾ ਕਾਂਗਰਸ ਦਿਹਾਤੀ ਐੱਸ. ਸੀ ਡਿਪਾਰਟਮੈਂਟ ਨੇ ਕਿਹਾ ਕਿ ਅਮਿਤ ਸ਼ਾਹ ਵਲੋਂ ਦਿੱਤਾ ਗਿਆ ਬਿਆਨ ਬਹੁਤ ਹੀ ਮੰਦਭਾਗਾ ਹੈ । ਉਨਾਂ ਕਿਹਾ ਕਿ ਸਾਨੂੰ ਕਿਸੇ ਸਵਰਗ ਦੀ ਜਰੂਰਤ ਨਹੀਂ ਹੈ, ਸਾਨੂੰ ਤਾਂ ਬਾਬਾ ਸਾਹਿਬ ਦੇ ਸੰਵਿਧਾਨ ਵਾਲਾ ਸਮਾਜ ਹੀ ਚਾਹੀਦਾ ਹੈ । ਉਨਾਂ ਅੱਗੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੂੰ ਤਾਂ ਬਾਬਾ ਸਾਹਿਬ ਬਾਰੇ ਬੋਲਣ ਦਾ ਕੋਈ ਹੱਕ ਜਾਂ ਅਧਿਕਾਰ ਹੀ ਨਹੀਂ ਹੈ । ਇਹ ਉਕਤ ਲੀਡਰ ਤਾਂ ਪਹਿਲਾਂ ਹੀ ਮੰਨ ਚੁੱਕੇ ਹਨ ਕਿ ਬਾਬਾ ਸਾਹਿਬ ਕੋਈ ਅੰਦੋਲਨਕਾਰੀ ਜਾਂ ਕ੍ਰਾਂਤੀਕਾਰੀ ਨਹੀਂ ਸਨ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਆਰ. ਐੱਸ. ਐੱਸ ਵੀ ਪਹਿਲਾਂ ਹੀ ਬਾਬਾ ਸਾਹਿਬ ਜੀ



ਦੇ ਲਿਖੇ ਸੰਵਿਧਾਨ ਦੀਆਂ ਕਾਪੀਆਂ ਫੂਕ ਚੁੱਕੇ ਹਨ ਤੇ ਉਨਾਂ ਨੇ ਬਾਬਾ ਸਾਹਿਬ ਦੀ ਸ਼ਵ ਯਾਤਰਾ ਵੀ ਕੱਢੀ ਸੀ । ਇਸ ਲਈ ਭਾਜਪਾ ਲੀਡਰਾਂ ਤੋਂ ਨਾ ਹੀ ਕਿਸੇ ਨੇ ਸਲਾਹ ਮੰਗੀ ਹੈ ਤੇ ਨਾ ਹੀ ਕੋਈ ਮਸ਼ਵਰਾ । ਜੇਕਰ ਭਾਜਪਾ ਦੇ ਨੇਤਾ ਅਸਲੀ ਲੀਡਰ ਹਨ ਤਾਂ ਉਨਾਂ ਨੂੰ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ 'ਤੇ ਅਜਿਹਾ ਵਿਵਾਦਿਤ ਬਿਆਨ ਨਹੀਂ ਦੇਣਾ ਚਾਹੀਦਾ ਸੀ । ਇਸ ਲਈ ਅਮਿਤ ਸ਼ਾਹ ਨੂੰ ਆਪਣੇ ਪਦ ਤੋਂ ਅਸਤੀਫਾ ਦੇਣਾ ਚਾਹੀਦਾ ਹੈ ਤੇ ਆਪਣੇ ਬਿਆਨ ਲਈ ਮਾਫੀ ਮੰਗਣੀ ਚਾਹੀਦੀ ਹੈ । ਬਾਬਾ ਸਾਹਿਬ ਨੂੰ ਜੋ ਭਾਰਤ ਰਤਨ ਦਾ ਐਵਾਰਡ ਵੀ ਦਿੱਤਾ ਗਿਆ ਸੀ, ਉਹ ਵੀ. ਪੀ ਸਿੰਘ ਦੀ ਸਰਕਾਰ ਵਲੋਂ ਦਿੱਤਾ ਗਿਆ ਸੀ ਤੇ ਉਸ 'ਚ ਸੱਭ ਤੋਂ ਵੱਡਾ ਯੋਗਦਾਨ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਸੀ । ਜਿਨਾਂ ਨੂੰ ਵੀ ਹੁਣ ਤੱਕ ਭਾਰਤ ਰਤਨ ਦਿੱਤਾ ਗਿਆ, ਉਨਾਂ 'ਚ ਸਿਰਫ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਕੋਲ ਹੀ 32 ਡਿਗਰੀਆਂ ਸਨ ਤੇ ਉਨਾਂ ਨੂੰ 9 ਵਿਦੇਸ਼ੀ ਭਾਸ਼ਾਵਾਂ ਦਾ ਗਿਆਨ ਸੀ । ਹੁਣ ਜਿਸ ਨੂੰ ਵੀ ਬਾਬਾ ਸਾਹਿਬ ਤੋਂ ਬਾਅਦ ਭਾਰਤ ਰਤਨ ਦਿੱਤਾ ਗਿਆ, ਕਿਸ ਨੂੰ ਬਾਬਾ ਸਾਹਿਬ ਦੇ ਬਰਾਬਰ ਗਿਆਨ ਜਾਂ ਪੜਾਈ ਸੀ । ਸਿਰਫ ਤੇ ਸਿਰਫ ਰਾਜਨੀਤਿਕ ਲਾਹੇ ਲਈ ਹੀ ਭਾਰਤ ਰਤਨ ਦੇ ਐਵਾਰਡ ਵੰਡੇ ਗਏ ਹਨ । ਸੰਵਿਧਾਨ ਦੀ ਰਚਨਾ ਕਰਨ 'ਚ ਵੀ ਸਿਰਫ ਤੇ ਸਿਰਫ ਬਾਬਾ ਸਾਹਿਬ ਨੇ ਹੀ ਨਿ ਰਾਤ ਕੰਮ ਕਰਕੇ ਸੰਵਿਧਾਨ ਤਿਆਰ ਕੀਤਾ ਸੀ । ਬੀਤੇ ਦਿਨੀਂ ਗੁਜਰਾਤ 'ਚ ਬਾਬਾ ਸਾਹਿਬ ਦੇ ਬੁੱਤ ਦੀ ਵੀ ਬੇਅਦਬੀ ਕੀਤੀ ਗਈ ਜੋ ਕਿ ਬਹੁਤ ਹੀ ਨਿੰਦਣਯੋਗ ਘਟਨਾ ਹੈ । ਇਨਾਂ ਤਾਂ ਮੁਗਲਾਂ ਨੇ ਵੀ ਅੱਤਿਆਚਾਰ ਨਹੀਂ ਕੀਤਾ, ਜਿਨਾਂ ਕਿ ਆਰ. ਐੱਸ. ਐੱਸ ਐੱਸ. ਸੀ ਸਮਾਜ 'ਤੇ ਹੁਣ ਤੱਕ ਕਰ ਰਹੀ ਹੈ ।

## ਸਮਾਜਿਕ ਬਦਲਾਅ

ਨੂੰਹਾਂ ਦੀ ਗੱਲ ਹਰ ਕੋਈ ਕਰਦੈ ,
ਸੱਸਾਂ ਦਾ ਕੋਈ ਦਰਦ ਨਾ ਜਾਣੇਂ ।
ਕਿਵੇਂ ਘਰੋਂ ਕਢਵਾ ਦਿੰਦੀਆਂ ਨੇ ,
ਦੁੱਖ ਨਾ ਕੋਈ ਵੀ ਪਹਿਚਾਣੇਂ ।
ਪਹਿਲਾਂ ਧੀਆਂ ਕਹਿੰਦੀਆਂ ਸੀ ਕਿ ,
ਸੱਸ ਬਘਿਆੜੀ ਟੱਕਰ ਜਾਵੇ ਨਾ ;
ਅੱਜ ਕੱਲ੍ਹ ਸੱਸਾਂ ਆਖਣ ਰੱਬ ਜੀ ,
ਨੂੰਹਾਂ ਦੇ ਚੰਗੇ ਹੋਣ ਘਰਾਣੇਂ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਗੀਤ (ਬੰਦ.ਗੀ ਨਾ.ਲ ਮਿਲਦੇ ਨੇ)

ਬੰਦ.ਗੀ ਨਾਲ ਮਿਲਦੇ ਨੇ, ਕੁੱਖੋਂ ਅਜੀਤ ਤੇ ਜੁਝਾਰ ਵਰਗੇ
ਸੂਰੇ ਜ਼ੋਰਾਵਰ ਫ਼ਤਹਿ ਸਿੰਘ , ਅਣਖੀ ਏ ਕਿਰਦਾਰ ਵਰਗੇ
ਬੰਦ.ਗੀ ਨਾ.ਲ ਮਿਲਦੇ ਨੇ ............

ਛੁਪਦੇ ਛੁਪਾਇਆ ਨਹੀਂ , ਸੀਨਾ ਧਰਤ ਦਾ ਪਾੜ ਉਗਦੇ
ਗਵਾਹੀ ਜ਼ਰਾ ਜ਼ਰਾ ਦਿੰਦਾ, ਬੀਜ਼ ਪੱਥਰ ਉਖਾੜ ਉਗਦੇ
ਕੰਬਣੀ ਛੇੜ ਦਿੰਦੇ ਕਪਟ ਨੂੰ, ਨਾਨਕ ਦੀ ਲ.ਲਕਾਰ ਵਰਗੇ
ਬੰਦ.ਗੀ ਨਾ.ਲ ਮਿਲਦੇ ਨੇ....... .............

ਲੋਅ ਤੱਪਦੀ ਨੂੰ ਠਾਰ ਦਿੰਦੀ, ਬੰਦ.ਗੀ ਤਾਂ ਹੈ ਯਾਰ ਐਸੀ
ਇਸ਼ਕ ਦੀ ਜੇ ਪਾਨ ਚੜਜੇ, ਬੰਦ.ਗੀ ਤੇਜ਼ ਤਲਵਾਰ ਜੈਸੀ
ਪੀਰੀ ਬਖਸ਼ ਦਿੰਦੀ ਮੀਰੀ , ਤੰਦ ਜੋੜ ਦੇਖੀਂ ਤਾਰ ਵਰਗੇ
ਬੰਦ.ਗੀ ਨਾ.ਲ ਮਿਲਦੇ ਨੇ........ ..........

ਬੰਦ.ਗੀ ਨਾ.ਲ ਟਕਰਾ ਹੁੰਦੈ, ਚੌਂਕ ਚਾਂਦਨੀ ਵਿੱਚ ਤੇ.ਗ ਦਾ
ਤਖ਼ਤ ਛਿੱਥੇ ਪੈ ਜਾਂਦੇ ਫਿਰ, ਅੱਖੀਂ ਦੇਖ ਉਬਾ.ਲਾ ਦੇ.ਗ ਦਾ
ਚਰਖੜੀਆਂ ਤੇ ਜਾਣ ਪਰਖ਼ੇ, ਸੀਸ ਆਰੇ ਹਥਿਆਰ ਵਰਗੇ
ਬੰਦ.ਗੀ ਨਾ.ਲ ਮਿਲਦੇ ਨੇ.................

ਮਨੁੱਖਤਾ ਦੇ ਹੱਕ ਖਾਤਿਰ, ਤੋਰਿਆ ਤਾਂ ਹੀ ਰੇਤਗੜ੍ਹ ਬਾਪ ਜਾਂਦੈ
ਟੋਟੇ ਜਿਗਰ ਦੇ ਵਾਰ "ਬਾਲੀ", ਕਰਜ਼ ਉਤਾਰਿਆ ਕਹਿ ਬਾਪ ਜਾਂਦੈ
ਸੀਸ ਦੇ ਪਹਿਚਾਣ ਮਿਲਦੀ, ਪਿਆਰੇ, ਪੰਜ ਕਕਾਰ ਵਰਗੇ
ਬੰਦ.ਗੀ ਨਾ.ਲ ਮਿਲਦੇ ਨੇ..........



**ਬਲਜਿੰਦਰ ਸਿੰਘ "ਬਾਲੀ ਰੇਤਗੜ੍ਹ "**
919465129168

## ਗੁਰੂ ਗੋਬਿੰਦ ਨੇ ਸਿਖਾਇਆ...

ਜ਼ਿੰਦਗੀ ਕਿਵੇਂ ਜਿਊਣੀ
ਸਾਨੂੰ ਗੁਰੂ ਗੋਬਿੰਦ ਨੇ ਸਿਖਾਇਆ
ਆਪਾ ਵਾਰ ਕੇ ਉਨ੍ਹਾਂ ਨੇ
ਸਾਨੂੰ ਸੱਚ ਦਾ ਰਾਹ ਦਿਖਾਇਆ

ਹੌਂਸਲੇ ਉੱਚੇ ਕਿਵੇਂ ਨੇ ਰੱਖਣੇ
ਦੱਸਿਆ ਪਿਤਾ ਦ ਾ ਸੀਸ ਝੋਲੀ ਪਵਾਕੇ
ਭਾਣੇ ਵਿੱਚ ਕਿੰਝ ਰਹੀਦਾ
ਦੱਸਿਆ ਪੁੱਤਰਾਂ ਨੂੰ ਸ਼ਹੀਦ ਕਰਵਾਕੇ
ਜਿਹੜੇ ਦੁੱਖਾਂ ਤੋਂ ਅਸੀਂ ਡਰਦੇ
ਉਨ੍ਹਾਂ ਆਪਣੇ ਪਿੰਡੇ ਹੰਢਾਇਆ
ਜ਼ਿੰਦਗੀ ਕਿਵੇਂ ਜਿਊਣੀ
ਸਾਨੂੰ ਗੁਰੂ ਗੋਬਿੰਦ ਨੇ ਸਿਖਾਇਆ

ਨਾਲ ਹਾਲਾਤਾਂ ਕਿਵੇਂ ਹੈ ਲੜਨਾ
ਦੱਸਿਆ ਕੰਡਿਆਂ ਦੀ ਸੇਜ ਤੇ ਸੌਂਕੇ
ਤਿਆਗਣਾ ਮੋਹ ਵੀ ਪੈ ਸਕਦਾ
ਦੱਸਿਆ ਅਨੰਦਪੁਰ ਛੱਡਣ ਮੌਕੇ
ਜੋ ਅਸੀਂ ਸਾਂਭ ਕੇ ਰੱਖਦੇ ਹਾਂ
ਉਨ੍ਹਾਂ ਸਭ ਕੁਝ ਹੀ ਲੁਟਾਇਆ
ਜ਼ਿੰਦਗੀ ਕਿਵੇਂ ਜਿਊਣੀ
ਸਾਨੂੰ ਗੁਰੂ ਗੋਬਿੰਦ ਨੇ ਸਿਖਾਇਆ

ਇੱਕ ਹੋਕੇ ਕਿਵੇਂ ਹੈ ਰਹਿਣਾ
ਦੱਸਿਆ ਖੰਡੇ ਦੀ ਪਹੁਲ ਛਕਾਕੇ
ਕੋਈ ਉੱਚਾ ਨੀਵਾਂ ਨਹੀਂ
ਦੱਸਿਆ ਰੰਗਰੇਟੇ ਨੂੰ ਗਲ ਲਾਕੇ
ਉਨ੍ਹਾਂ ਜਾਤਾਂ ਦੀ ਜੜ੍ਹ ਸੀ ਵੱਡੀ
ਅਸੀਂ ਡੇਰਾ ਜਾਤਾਂ ਦੇ ਨਾਂ ਬਣਾਇਆ
ਜ਼ਿੰਦਗੀ ਕਿਵੇਂ ਜਿਊਣੀ
ਸਾਨੂੰ ਗੁਰੂ ਗੋਬਿੰਦ ਨੇ ਸਿਖਾਇਆ

ਪੰਥ ਵਸੇ ਮੈਂ ਉਜੜਾਂ
ਦੱਸਿਆ ਸਰਬੰਸ ਕੌਮ ਤੋਂ ਵਾਰਕੇ
ਕੋਈ ਲੋਭ ਕਦੇ ਨਾ ਰੱਖੀਂ
ਦੱਸਿਆ ਤਖ਼ਤਾਂ ਨੂੰ ਠੋਕਰ ਮਾਰਕੇ
ਇੱਥੇ ਕੁਰਸੀ ਲਈ ਲੜਦੇ ਨੇ
ਉਨ੍ਹਾਂ ਗੱਦੀ ਤੇ ਗ੍ਰੰਥ ਬਿਠਾਇਆ
ਜ਼ਿੰਦਗੀ ਕਿਵੇਂ ਜਿਊਣੀ
ਸਾਨੂੰ ਗੁਰੂ ਗੋਬਿੰਦ ਨੇ ਸਿਖਾਇਆ



**ਗੁਰਮੀਤ ਸਿੰਘ ਸੋਹੀ**
ਪਿੰਡ -ਅਲਾਲ (ਧੂਰੀ)
ਮੋ.- 9217981404

## 'ਗਾਥਾ'

## 'ਨਿਹੰਗ ਖਾਨ ਅਤੇ ਬੀਬੀ ਮੁਮਤਾਜ'

ਜਦ 'ਬਚਿੱਤਰ ਸਿੰਘ' ਜ਼ਖ਼ਮੀ ਹੋ ਗਿਆ,
ਦਿੱਤਾ 'ਨਿਹੰਗ ਖਾਨ' ਦੇ 'ਕਿਲੇ' ਪਹੁੰਚਾ।
ਜੋ ਮੁਰੀਦ ਸੀ 'ਗੁਰੂ ਗੋਬਿੰਦ ਸਿੰਘ' ਦਾ,
ਜਿਸਦਾ 'ਗੁਰੂ' ਨਾਲ ਸੀ ਪ੍ਰੇਮ ਅਥਾਹ।
ਕੀਤੀ ਕਿਸੇ ਸੂਹੀਏ ਨੇ ਮੁਖ਼ਬਰੀ,
ਲਿਆ 'ਕਿਲੇ' ਨੂੰ ਘੇਰਾ ਪਾ।
'ਨਿਹੰਗ ਖਾਨ' ਨੇ ਧੀ 'ਮੁਮਤਾਜ' ਨੂੰ
'ਸਿੰਘ' ਦੀ ਸੇਵਾ ਦੇ ਵਿੱਚ ਲਾ।
ਇਕ ਕਮਰੇ ਅੰਦਰ ਬਿਠਾਕੇ
ਦਿੱਤਾ ਅੰਦਰੋਂ ਕੁੰਡਾ ਲਵਾ।
ਪੁਲਿਸ ਨੇ ਸਾਰਾ 'ਕਿਲ੍ਹਾ' ਫਰੋਲਤਾ,
ਕਿਤੋਂ ਕੁਝ ਵੀ ਨਾ ਮਿਲ਼ਿਆ।
ਇਕ ਬੰਦ ਕਮਰੇ ਨੂੰ ਵੇਖਕੇ,
'ਨਿਹੰਗ ਖਾਨ' ਨੂੰ ਪੁੱਛਿਆ ਬੁਲਾਅ।
ਫਿਰ 'ਨਿਹੰਗ ਖਾਨ' ਨੇ ਦੱਸਿਆ,
ਤੁਸੀਂ ਵੇਖ ਲਓ ਭਾਵੇਂ ਜਾ।
ਇਥੇ ਮੇਰੀ 'ਧੀ' ਅਤੇ 'ਦਾਮਾਦ' ਹੈ,
ਉਹ ਰਹੇ ਨੇ ਆਰਾਮ ਫ਼ਰਮਾ।
ਕਰ ਯਕੀਨ 'ਨਿਹੰਗ ਖਾਨ' ਤੇ,
ਫਿਰ ਹੋਈ ਪੁਲਿਸ ਵਿਦਾ।
'ਮੁਮਤਾਜ' ਦੇ ਬੋਲ ਕੰਨਾਂ ਵਿਚ ਪੈ ਗਏ,
ਉਹਨੇ ਮਨ ਵਿਚ ਧਾਰ ਲਿਆ।
ਮੰਨ ਲਿਆ 'ਪਤੀ' ਬੱਚਿਤਰ ਸਿੰਘ ਨੂੰ,
ਕਹਿੰਦੀ "ਨਹੀਂ ਕਰਾਉਣਾ ਹੋਰ ਨਿਕਾਹ।"
ਕੁੱਝ ਦਿਨਾਂ ਬਾਅਦ ਬੱਚਿਤਰ ਸਿੰਘ ਜੀ,
ਇਹ ਦੁਨੀਆਂ ਤੋਂ ਤੁਰ ਗਿਆ।
ਇਕ ਦਿਨ ਘਰੇ 'ਨਿਹੰਗ ਖਾਨ' ਨੇ,
ਮੁਮਤਾਜ ਦੇ ਵਿਆਹ ਦੀ ਕਰੀ ਸਲਾਹ।
'ਮੁਮਤਾਜ' ਨੇ ਝੱਟ 'ਪਿਤਾ' ਨੂੰ ਆਖਿਆ,
"ਨਹੀਂ ਕਰਾਉਣਾ ਦੂਜਾ ਵਿਆਹ।
ਤੁਸੀਂ ਭੁੱਲ ਗਏ ਉਦੋਂ ਕੀ ਸੀ ਆਖਿਆ?"
ਦਿੱਤਾ ਪਿਤਾ ਨੂੰ ਯਾਦ ਕਰਾ।
"ਹੁਣ ਮੈਂ ਏਦਾਂ ਹੀ ਉਮਰ ਗੁਜਾਰਨੀ,
ਇਹ ਜਿੰਦਗੀ ਉਸਦੇ ਦਿੱਤੀ ਲੇਖੇ ਲਾ।"
'ਮੁਮਤਾਜ' ਪੱਕੀ ਰਹੀ ਸਿਦਕ ਦੀ,
ਜੋ ਗਈ ਆਪਣੇ ਬੋਲ ਪੁਗਾ।
ਲੋਕੀ ਉਸਦੀ ਯਾਦਗਾਰ 'ਤੇ ਜਾਕੇ,
ਮੇਜਰ ਰਹੇ ਨੇ ਸੀਸ ਨਿਵਾਅ
ਲੋਕ ਰਹੇ ਨੇ ਸੀਸ ਨਿਵਾਅ...।



**ਮੇਜਰ ਸਿੰਘ ਬੁਢਲਾਡਾ**
94176 42327



# ਸ਼ਹੀਦੀ ਸਭਾ

ਇਲਾਕਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਵਸਨੀਕ ਦੁਨੀਆਂ 'ਚ ਕਿਸੇ ਥਾਂ ਵੀ ਵਸ ਜਾਣ, ਪਰ ਪੋਹ ਦੇ ਮਹੀਨੇ ਉਹਨਾਂ ਦਾ ਧਿਆਨ 'ਸ਼ਹੀਦੀ ਸਭਾ' ਵੱਲ ਹੀ ਹੁੰਦਾ ਏ, ਉਹਨਾਂ ਦੀ ਹਮੇਸ਼ਾ ਏਹੀ ਕੋਸ਼ਿਸ਼ ਹੁੰਦੀ ਏ ਕਿ ਬੱਸ ਸਭਾ ਤੇ ਜਾ ਕੇ ਮੱਥਾ ਟੇਕ ਆਈਏ, ਕਨੇਡਾ 'ਚ ਰਹਿੰਦੇ ਬਜ਼ੁਰਗ ਰੇਸ਼ਮ ਸਿੰਘ ਜੀ ਦੀ ਵੀ ਏਹੀ ਇੱਛਾ ਹੁੰਦੀ ਸੀ, ਪਰ ਓਹ ਕੁਝ ਕਾਰਨਾਂ ਕਰਕੇ ਇੰਡੀਆਂ ਨਹੀਂ ਆ ਸਕੇ ਸਨ। ਏਸ ਵਾਰ ਸਬੱਬ ਬਣਿਆ ਓਹ ਆਪਣੇ ਸਪੁੱਤਰ ਨਵਜੋਤ ਸਿੰਘ ਨਾਲ ਦਸੰਬਰ ਮਹੀਨੇ ਇੰਡੀਆਂ ਆਏ, ਆਉਂਦਿਆਂ ਹੀ ਪਹਿਲੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਮੱਥਾ ਟੇਕਿਆ ਤੇ ਫਿਰ ਆਪਣੇ ਜੱਦੀ ਘਰ ਬੱਸੀ ਪਠਾਣਾ ਆ ਕੇ ਛੱਤ 'ਤੇ ਚਲੇ ਗਏ ਤਾਂ ਆਸ - ਪਾਸ ਦੇ ਕ਼ਈ ਘਰਾਂ ਦੇ ਵੇਹੜੇ ਨਜ਼ਰ ਆਏ, ਇੱਕ ਵੇਹੜੇ 'ਚ ਬੱਚੇ ਖੇਡ ਰਹੇ ਸਨ...ਇੱਕ ਬੱਚਾ ਬੋਲਿਆ, "ਓਏ ਮੈਂ ਤੇ ਪਿਛਲੇ ਸਾਲ ਦਾ ਬਾਜਾ ਸੰਭਾਲ ਕੇ ਰੱਖਿਆ ਹੋਇਆ ਏ, ਘਰੋਂ ਤੁਰਦਿਆਂ ਹੀ ਧੂੜ੍ਹਾਂ ਪੱਟੂਗਾਂ.... ਦੂਜਾ ਬੋਲਿਆ ਮੈਂ ਤਲਾਣੀਆਂ ਆਲੇ ਗੇਟ ਕੋਲ ਜਾਂਦਿਆਂ ਹੀ ਲੈ ਲੈਣਾ, ਨਾ਼ਲੇ ਲਊ ਵੀ ਤੇਰੇ ਨਾਲੋਂ ਵਧੀਆ ਤੇ ਮੋਟੀ ਆਵਾਜ਼ ਵਾਲਾ ਪੌਂ... ਪੌਂ...ਪੌਂ... ਇੱਕ ਵੇਹੜੇ 'ਚ ਕੁਝ ਜਵਾਨ ਮੁੰਡੇ ਗੱਲਾਂ ਕਰ ਰਹੇ ਸਨ, ਇੱਕ ਬੋਲਿਆ, "ਆਹ ਜਿਹੜੇ ਪੁਲਿਸ ਵਾਲੇ ਰਾਹ ਬੰਦ ਕਰਦੇ ਆ ਨਾ...ਅੱਧਾ ਨਜ਼ਾਰਾ ਤਾਂ ਏਹੀ ਖਰਾਬ ਕਰ ਦਿੰਦੇ ਆ....ਨਹੀਂ ਤੇ ਮੋਟਰਸਾਈਕਲਾਂ ਤੇ ਜਲਵੇ ਹਾਰਨ ਲਾ ਕੇ ...ਗੇੜੀ ਰੂਟ ਮਾਰੇ..... ਤੇ ਨਾ਼ਲੇ ਕੱਢੇ ਬੁਲਟ ਦੇ ਪਟਾਕੇ,...ਸਵਾਦ ਆਊ ਪੂਰਾ....", ਦੂਜਾ ਬੋਲਿਆ,"ਸਵਾਦ ਈ ਮੇਲੇ ਦਾ ਤਦ ਆਉਦਾ....ਮੈਂ ਤੇ ਭੀਲਾ ਪਿਛਲੀ ਵਾਰੀ ਚਾਰ ਨੰਬਰ ਚੁੰਗੀ ਕੋਲੋਂ ਗਲੀਆਂ ਚੋਂ ਹੁੰਦੇ ਹੋਏ ਵੜ ਹੀ ਗਏ ਸੀ ਮੋਟਰਸਾਈਕਲ ਲੈ ਕੇ.. ਗੇੜੀਆਂ ਤੇ ਭਾਵੇਂ ਦੋ ਕੁ ਹੀ ਵੱਜੀਆਂ...ਪਰ ਸਵਾਦ ਬਾਹਲਾ ਆਇਆ,..."ਇੱਕ ਘਰ ਦੇ ਵੇਹੜੇ 'ਚ ਇੱਕ ਅੱਧਖੜ ਜਿਹਾ ਦਾੜ੍ਹੀ ਰੰਗ ਰਿਹਾ ਸੀ ਤੇ ਆਖ ਰਿਹਾ ਸੀ,"ਸੌ ਬੰਦਾ ਮਿਲਦਾ ਜਾਣ - ਪਛਾਣ ਦਾ ਰੰਗਣੀ ਹੀ ਪੈਣੀ ਏ..., ਓਸਦੇ ਨਾਲ ਵਾਲਾ ਕਹਿ ਰਿਹਾ ਸੀ, "ਓਹ ਜਿਹੜਾ ਪੁਲ ਕੋਲ ਭੰਗ ਦੀਆਂ ਟਿੱਕੀਆਂ ਬਣਾਉਂਦਾ, ਬਈ ਓਹਦੀ ਅੱਧੀ ਟਿੱਕੀ ਜਹਾਜ਼ ਦਾ ਝੂਟਾ ਦਿੰਦੀ ਆ..,"ਇੱਕ ਹੋਰ ਮੋਚਨੇ ਨਾਲ ਦਾੜ੍ਹੀ ਚੋਂ ਚਿੱਟੇ ਖਿੱਚਦਾ ਬੋਲਿਆ, "ਓਏ ਐਤਕੀਂ ਤਾਂ ਗੁਰਦਵਾਰਾ ਬਿਬਾਨਗੜ੍ਹ ਤੋਂ ਯੂਨੀਵਰਸਿਟੀ ਤੱਕ ਟਿੱਕੀਆਂ ਤੇ ਸੁੱਖੇ ਵਾਲੇ ਪੰਝਾਹ ਕੁ ਬੈਠਣੇ ਲਗਦੇ... ਕੱਲ ਗਿਆ ਸੀ ਮੈਂ ਓਧਰ... ਆਪਣੇ ਤੰਬੂ ਗੱਡ ਰਹੇ ਸੀ ਓਹ....," ਇੱਕ ਹੋਰ ਬੋਲਿਆ, "ਫਿਰ ਐਤਕੀਂ ਪੂਰੀ ਪੂਰੀ ਟਿੱਕੀ ਖਾਵਾਂਗੇ, ਲੋਰ 'ਚ ਮੇਲਾ....ਸਵਾਦ ਨਾਲ ਵੇਖਾਂਗੇ.... ਬਿਨਾਂ ਪਾਸਪੋਰਟ ਤੋਂ ਅਮਰੀਕਾ ਕਨੇਡਾ ਹਾ..ਹਾ..ਹਾ, ਆਹੋ ਓਹ ਘੋਟਾ ਲਾਉਂਦੇ ਹੋਏ ਅਵਾਜ਼ਾ ਵੀ ਘੈਂਟ ਮਾਰਦੇ....," ਇੱਕ ਵੇਹੜੇ 'ਚ ਬੈਠੀਆਂ ਔਰਤਾਂ ਤੇ ਕੁੜੀਆਂ ਗੱਲਾਂ ਕਰ ਰਹੀਆਂ ਸਨ, "ਫਾਟਕਾਂ ਦੇ ਕੋਲ ਜਿਹੜੀਆਂ ਦੁਕਾਨਾਂ ਲਗਦੀਆਂ ਓਥੋਂ ਵੀਹ - ਵੀਹ ਰੁਪਈਏ ਦੀ ਹਰ ਚੀਜ਼ ਮਿਲਦੀ... ਓਹੀ ਲਵਾਂਗੀਆਂ... ਨਾਲੇ ਓਥੇ ਬ੍ਰੈਡ ਪਕੌੜਿਆਂ ਦਾ ਲੰਗਰ ਵੀ ਏ... ਚਟਣੀ ਲਾ - ਲਾ ਖਾਵਾਂਗੀਆਂ... ਸਾਲ ਬਾਅਦ ਤੇ ਮੇਲਾ ਆਉਂਦਾ ਕਿਹੜਾ ਕਿਤੇ ਰੋਜ਼ ਆਉਂਦਾ..

ਸਰਦਾਰ ਰੇਸ਼ਮ ਸਿੰਘ ਦੀਆਂ ਅੱਖਾਂ ਚੋਂ ਪਾਣੀ ਆ ਗਿਆ....ਰੱਬਾ! ਛੋਟੇ ਸਾਹਿਬਜ਼ਾਦਿਆ ਦੀ ਸ਼ਹਾਦਤ ਨੂੰ ਯਾਦ ਕਰਨ ਵਾਲੇ ਦਿਨ "ਸ਼ਹੀਦੀ ਸਭਾ" ਮੇਲਾ ਕਿਵੇਂ ਬਣ ਗਈ, ਸਰਦਾਰ ਰੇਸ਼ਮ ਸਿੰਘ ਛੱਤ ਤੇ ਬਣੀ ਕੰਧ ਨਾਲ ਢੋ ਲਾ ਕੇ ਬੈਠ ਗਿਆ, ਓਸਨੂੰ ਓਹ ਸ਼ਹੀਦੀ ਸਭਾ ਯਾਦ ਆਈਂ ਜਦੋਂ ਓਹ ਸੱਤ ਕੁ ਸਾਲ ਦਾ ਸੀ ਤੇ ਪੋਹ ਦੀ ਸੰਗਰਾਂਦ 'ਤੇ ਹੀ ਘਰ 'ਚੋਂ ਮੰਜੇ ਚੁੱਕ ਦਿੱਤੇ ਜਾਂਦੇ ਸਨ ਤੇ ਬੇਬੇ ਸਭ ਦੇ ਬਿਸਤਰੇ ਜ਼ਮੀਨ ਤੇ ਲਾ ਦਿੰਦੀ, ਜੇ ਅਸੀਂ ਪੁੱਛਦੇ ਤਾਂ ਬੇਬੇ ਕਹਿੰਦੀ, "ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜਾਦਿਆਂ ਨੇ ਕਹਿਰ ਦੀਆਂ ਰਾਤਾਂ ਠੰਢੇ ਬੁਰਜ 'ਚ ਗੁਜਾਰੀਆਂ ਸਨ, ਸਾਨੂੰ ਜ਼ਮੀਨ ਤੇ ਸੌਂ ਕੇ ਓਹ ਦਿਨ ਯਾਦ ਕਰਨੇ ਚਾਹੀਦੇ ਨੇ," ਘਰਾਂ 'ਚ ਪੋਹ ਮਹੀਨੇ ਸਾਦੀ ਦਾਲ - ਰੋਟੀ ਬਣਨੀ, ਕੋਈ ਵਿਆਹ ਜਾਂ ਖੁਸ਼ੀ ਦਾ ਪ੍ਰੋਗਰਾਮ ਨਾ ਰੱਖਣਾ, ਸ਼ਹੀਦੀ ਸਭਾ ਦੇ ਦਿਨਾਂ 'ਚ ਨਿੱਕੇ ਹੁੰਦਿਆਂ ਮੈਂ ਬਾਪੂ ਮਿਹਰ ਸਿੰਘ ਤੇ ਤਾਏ ਕੇਹਰ ਸਿੰਘ ਜੀ ਨਾਲ ਜਾਂਦਾ ਹੁੰਦਾ ਸੀ... ਸਿਰ ਤੇ ਚਿੱਟੀ ਦਸਤਾਰ ਬੰਨਕੇ, ਤੁਰਦੇ - ਤੁਰਦੇ ਤਾਏ ਨੇ ਹਰ ਕਦਮ ਨਾਲ ਬੋਲਣਾ,"ਸਤਿਨਾਮ ਤੇ ਬਾਪੂ ਨੇ ਬੋਲਣਾ ਸ੍ਰੀ ਵਾਹਿਗੁਰੂ, ਮੈਂ ਦੋਵਾਂ ਨਾਲ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ.. ਆਹ ਛੇ - ਸੱਤ ਕੋਹ ਪੈਂਡੇ ਦਾ ਤੇ ਪਤਾ ਈ ਨਹੀਂ ਲੱਗਦਾ ਸੀ, ਜਿਉਂ - ਜਿਉਂ ਗੁਰਦਵਾਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਨੇੜੇ ਆਈਂ ਜਾਣਾ ਤਾਏ ਦੀ ਅਵਾਜ਼ ਕਰੁਣਾ 'ਚ ਭਾਰੀ ਹੋਈ ਜਾਣੀ ਤੇ ਬਾਪੂ ਦੇ ਹੰਝੂ ਡਿੱਗਣ ਲੱਗ ਜਾਣੇ....

ਓਧਰ ਸਾਡੀ ਬੇਬੇ ਈਸ਼ਰ ਕੌਰ ਨੇ ਸੋਗ ਆਲੇ ਕਾਲੇ ਕੱਪੜੇ ਪਾ ਕੇ 'ਕੱਠੀਆਂ ਹੋ ਕੇ ਜਾਣਾ.. ਸਾਰੀਆਂ ਦੇ ਅੱਖਾਂ 'ਚ ਹੰਝੂ ਤੇ ਥਿੜਕਦੀ ਜੁਬਾਨ ਤੇ ਧੰਨ ਮਾਤਾ ਗੁਜਰੀ ਜੀ...ਧੰਨ ਬਾਬਾ ਜ਼ੋਰਾਵਰ ਸਿੰਘ ਜੀ ਧੰਨ ਬਾਬਾ ਫਤਹਿ ਸਿੰਘ ਜੀ ਹੋਣਾ...ਗੁਰ-ਦੁਵਾਰਾ ਸਾਹਿਬ ਪਹੁੰਚ ਕੇ ਰੋਂਦੇ - ਰੋਂਦੇ ਅਰਦਾਸ ਕਰਨੀ, ਮੱਥਾ ਟੇਕਣਾ ਤੇ ਫਿਰ ਜਿੱਥੇ ਵੀ ਜਗ੍ਹਾ ਮਿਲਣੀ ਚੁੱਪ ਚਾਪ ਬੈਠਕੇ ਗੁਰੂ ਜੀ ਦੇ ਲਾਲਾਂ ਦੀ ਯਾਦ ਵਿੱਚ ਜੁੜ ਜਾਣਾ... ਸ਼ਹਾਦਤਾਂ ਨੂੰ ਯਾਦ ਕਰਨਾ, ਮੈਂ ਨਿੱਕੇ ਹੁੰਦੇ ਨੇ ਖੜ੍ਹ ਕੇ ਚਾਰੇ ਪਾਸੇ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸਾਹਿਬਜਾਦਿਆ ਦੀ ਯਾਦ ਵਿੱਚ ਚੌਕੜੀ ਮਾਰ ਕੇ, ਹੱਥ ਜੋੜ ਕੇ ਬੈਠੇ ਵੇਖਣਾ....ਤਦ ਏਦਾਂ ਲਗਣਾ ਕਿ ਸਭਨਾਂ ਦੇ ਮਨ ਮਾਂ ਗੁਜਰੀ ਜੀ ਤੇ ਸਾਹਿਬਜਾਦਿਆਂ ਦੇ ਚਰਨਾਂ 'ਚ ਜੁੜੇ ਹੋਏ ਨੇ..ਸਭ ਠੰਢੇ ਬੁਰਜ ਦੀਆਂ ਕਹਿਰੀ ਰਾਤਾਂ, ਜ਼ਾਲਿਮ ਸੂਬੇ ਦੀ ਕਚਹਿਰੀ 'ਚ ਗੁਰੂ ਜੀ ਦੇ ਲਾਲਾਂ ਦੀਆਂ ਦੋ ਦਲੇਰਾਨਾਂ ਪੇਸ਼ੀਆਂ, ਕਾਜ਼ੀ ਦਾ ਫਤਵਾ ਤੇ ਦੋ ਸੂਰਜਾਂ ਨੂੰ ਖੂਨੀ ਦੀਵਾਰ 'ਚ ਛੁਪਾਉਣ ਦੀ ਜਲਾਦ ਸਾਸ਼ਲ ਬੇਗ ਤੇ ਬਾਸ਼ਲ ਬੇਗ ਦੀ ਜ਼ਾਲਮਾਨਾਂ ਕੋਸ਼ਿਸ਼.... ਬਣਦੀ ਹੋਈ ਖੂਨੀ ਦੀਵਾਰ ਨੂੰ.... ਸਭ ਰੋ - ਰੋ ਮਹਿਸੂਸ ਕਰ ਰਹੇ ਹੋਣ.. ਮੇਰੀਆਂ ਵੀ ਅੱਖਾਂ ਚ ਹੰਝੂ ਆ ਜਾਣੇ ਤੇ ਮੈਂ ਨਿੱਕੀ ਜਿਹੀ ਡੱਬੀਆਂ ਵਾਲੀ ਖੇਸੀ ਦੀ ਬੁੱਕਲ ਮਾਰ ਕੇ ਚੌਕੜੀ ਮਾਰ ਕੇ ਬੈਠ ਜਾਣਾ.....

ਜਦੋਂ ਦਿਨ ਚੜ੍ਹਨਾ ਤਾਏ ਨੇ ਪੁਰਾਣੇ ਥੇਹ 'ਤੇ ਲੈ ਜਾਣਾ ਦੋ - ਦੋ ਇੱਟਾਂ ਤੋੜਨੀਆ ਤੇ ਪਰਨੇ 'ਚ ਪਾ ਕੇ ਕੋਲ ਵਗਦੀ ਹੰਸਲਾ ਨਦੀ 'ਚ ਜਾ ਸੁੱਟਣੀਆਂ ਤੇ ਬੋਲਣਾ, "ਗੁਰੂ ਮਾਰੀ ਸਰਹੰਦੇ ਤੇਰਾ ਕੱਖ ਨਾ ਰਹੇ...," ਮੈਂ ਵੀ ਥੇਹ ਤੋਂ ਨਿੱਕਾ ਜਿਹਾ ਰੋੜਾ ਚੁੱਕ ਕੇ ਲੈ ਜਾਣਾ ਤੇ ਵਗਦੀ ਨਦੀ 'ਚ ਵਗਾਹ ਕੇ ਮਾਰਨਾ... ਇੱਕ ਵਾਰ ਵਾਪਿਸ ਆਉਂਦੇ ਹੋਏ ਮੇਰੀ ਨਜ਼ਰ ਸੜ੍ਹਕ ਦੇ ਇੱਕ ਪਾਸੇ ਖਜ਼ਲਾਂ ਬਣਾ ਰਹੇ ਇੱਕ ਹਲਵਾਈ ਵੱਲ ਗਈ.. ਬਾਪੂ ਨੇ ਇੱਕ ਦਮ ਮੈਨੂੰ ਘੂਰ ਕੇ ਵੇਖਿਆ... ਪਰ ਤਾਏ ਨੇ ਆਖਿਆ ਏਹ ਮੁਗਲਾਂ ਦੀ ਖੁਸ਼ੀ ਦੀ ਮਿੱਠਿਆਈ ਏ....ਜਿਸ ਦਿਨ ਸਾਹਿਬਜਾਦੇ ਨੀਹਾਂ 'ਚ ਚਿਣਵਾਏ ਗਏ ਸਨ ਕ਼ਈ ਜ਼ਾਲਿਮ ਮੁ਼ਗ਼ਲਾਂ ਨੇ ਖੁਸ਼ੀ 'ਚ ਇੱਕ ਦੂਜੇ ਦੇ ਘਰ ਖਜ਼ਲਾਂ ਵੰਡਿਆਂ ਸੀ.... ਛੱਤ ਦੀ ਕੰਧ ਨਾਲ ਢੋਅ ਲਾ ਕੇ ਬੈਠੇ ਬਜ਼ੁਰਗ ਰੇਸ਼ਮ ਸਿੰਘ ਜੀ ਨੂੰ ਓਹ ਪੁਰਾਣੇ ਦਿਨ ਯਾਦ ਆਏ, ਜਦ ਅੱਜ ਵਾਂਗ ਸੈਕੜੇ ਲੰਗਰ ਨਹੀਂ ਹੁੰਦੇ ਸਨ, ਬੱਸ ਇੱਕ ਝਿਉਰ ਬਾਬੇ ਚਰਨੇ ਦਾ ਢਾਬਾ ਹੁੰਦਾ ਸੀ, ਜਿੱਥੇ ਦੂਰ - ਦੁਰਾਡੇ ਤੋਂ ਆਈ ਸੰਗਤ ਆਪਣੀ ਮਰਜ਼ੀ ਨਾਲ ਇੱਕ ਜਾਂ ਦੋ ਰੁਪਈਏ ਓਸਦੇ ਕਿੱਲੀ ਨਾਲ ਟੰਗੇ ਝੋਲੇ 'ਚ ਪਾ ਕੇ ਸਾਦੀ - ਦਾਲ ਰੋਟੀ ਚੁੱਪਚਾਪ ਵਿਛੇ ਹੋਏ ਕੋਰਿਆਂ 'ਤੇ ਬੈਠ ਕੇ ਸਬਰ - ਸਾਬੂਰੀ ਨਾਲ ਛਕਦੇ ਸਨ....ਰੋਂਦੇ ਹੋਏ ਬਜ਼ੁਰਗ ਰੇਸ਼ਮ ਸਿੰਘ ਜੀ ਆਪਣੇ ਆਪ ਨੂੰ ਪਚਾਸੀ ਕੁ ਸਾਲ ਪਹਿਲੇ ਬਾਪੂ ਤੇ ਤਾਇਆ ਜੀ ਨਾਲ ਉਂਗਲੀ ਫੜ੍ਹ ਕੇ ਸਫ਼ਰ - ਏ - ਸ਼ਹਾਦਤ ਦੇ ਨਾਲ - ਨਾਲ ਤੁਰਦਿਆਂ ਮਹਿਸੂਸ ਕਰ ਸਨ...ਛੱਤ ਤੇ ਆਕੇ ਨਵਜੋਤ ਸਿੰਘ ਨੇ ਆਖਿਆ, "ਬਾਪੂ ਜੀ ਤੁਸੀ ਉਪਰ ਸੀ...ਅਸੀਂ ਤੇ ਸੋਚਿਆ ਪਤਾ ਨਹੀਂ ਕਿਸੇ ਨੂੰ ਮਿਲਣ ਚਲੇ ਗਏ... ਅੱਛਾ... ਫਿਰ ਫਲਾਈਟ ਦੀ ਡੇਟ ਅੱਗੇ ਕਰ ਲਈਏ ਏਸ ਵਾਰ ਅਸੀਂ ਵੀ ਸਭਾ ਵੇਖਾਂਗੇ ਬਜ਼ੁਰਗ ਰੇਸ਼ਮ ਸਿੰਘ ਜੀ ਨੇ ਰੁਮਾਲ ਨਾਲ ਅੱਖਾਂ ਪੂੰਝਦਿਆਂ ਕਿਹਾ, "ਸਭਾ ਨਹੀਂ..... ਤਾਇਆ ਜੀ ਹੁਰੀਂ ਏਹਨਾਂ ਦਿਨਾਂ ਨੂੰ ਸ਼੍ਰੀ ਫਤਹਿਗੜ੍ਹ ਸਾਹਿਬ ਜੀ ਸ਼ਹੀਦੀ ਸਫ਼ਾ ਵਿਛਾਉਣੀ ਕਹਿੰਦੇ ਸਨ.... ਅਸੀਂ ਵੀ ਐਤਕੀਂ ਤਾਇਆ ਜੀ ਤੇ ਬਾਪੂ ਜੀ ਵਾਂਗ ਸ਼ਹੀਦਾਂ ਦੀ ਪਵਿੱਤਰ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਜਾਵਾਂਗੇ.... ਨਿੱਕੀਆਂ ਜਿੰਦਾਂ ਵੱਡੇ ਸਾਕੇ ਨੂੰ ਯਾਦ ਕਰਨ.....



**ਜਗਮੋਹਣ ਕੌਰ**
**ਬੱਸੀ ਪਠਾਣਾ**

# ਵਿਰਸੇ ਦੇ ਵਾਰਿਸ

ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੁੰਦਿਆਂ ਪਰਦੀਪ ਦੇ ਮਨ ਵਿੱਚ ਕਈ ਖਿਆਲ ਆ ਰਹੇ ਸਨ ।ਉਸ ਦਾ ਉਡਿਆ ਚਿਹਰਾ ਦੇਖ ਦਾਦਾ ਜੀ ਨੇ ਕਾਰਨ ਪੁੱਛਿਆ ਤਾਂ ਪਰਦੀਪ ਮਸਾਂ ਹੀ ਬੋਲਿਆ ,"ਇਸ ਅਸਥਾਨ ਤੇ ਏਨਾ ਘਾਣ ਹੋਇਆ ਸੀ,ਪ੍ਰਕਰਮਾ ਵਿੱਚ ਲਾਸ਼ਾਂ ਦੇ ਢੇਰ ਲੱਗੇ ,ਫੌਜ ਨੇ ਕਿੰਨੀ ਬੇਅਦਬੀ ਕੀਤੀ,ਇਹ ਸੋਚ ਕੇ ਹੀ ਲੂ ਕੰਡੇ ਖੜੇ ਹੋ ਜਾਂਦੇ ਨੇਂ ਮੇਰੇ,ਤੁਸੀ ਤਾਂ ਅੱਖੀਂ ਦੇਖਿਆ ਸੀ ਉਹ ਸਾਰਾ ਮੰਜਰ..।" ਦਾਦਾ ਜੀ ਦੀਆਂ ਅੱਖਾਂ ਨਮ ਹੋ ਗਈਆਂ ।ਉਹ ਬੋਲੇ,"ਇਸੇ ਪਾਵਨ ਧਰਤੀ ਤੇ ਛੇਵੇਂ ਪਾਤਸ਼ਾਹ ਬੈਠ ਕੇ ਖਾਲਸੇ ਲਈ ਫ਼ੁਰਮਾਨ ਜਾਰੀ ਕਰਦੇ ਸੀ ਤੇ ਜਾਲਮ ਸਰਕਾਰ ਨੇ ਇਸ ਨੂੰ ਵੀ ਨਾਂ ਬਖਸ਼ਿਆ....।"

"ਅੱਜ 40 ਸਾਲ ਹੋਣ ਲੱਗੇ ਨੇਂ,ਨੀਲਾਤਾਰਾ ਅਪ੍ਰੇਸ਼ਨ ਹੋਏ ਨੂੰ,ਪਰ ਅੱਜ ਵੀ ਕੰਬਣੀ ਛਿੜ ਜਾਂਦੀ ਹੈ ਯਾਦ ਕਰਕੇ ।" ਹੁਣ ਪਰਦੀਪ ਦੇ ਦਾਦੀ ਜੀ ਬੋਲ ਰਹੇ ਸੀ,"ਪੁੱਤ,ਤੇਰੇ ਦਾਦਾ ਜੀ ਮੱਥਾ ਟੇਕਣ ਆਏ,ਅੰਦਰ ਹੀ ਫਸ ਗੇ,ਬਾਹਰ ਸਾਡੀ ਜਾਨ ਨਿਕਲੇ ਕਿ ਪਤਾ ਨੀਂ ਮੁੜ ਆਉਣਗੇ ਵੀ ਕਿ ਨਹੀਂ??.ਜਦੋਂ ਆਏ ਤਾਂ ਭੰਬਤਰੇ ਪਏ ਸਨ..ਸਾਲਾਂ ਬੱਧੀ ਤਾਂ ਨੀਂਦ ਵੀ ਨਾਂ ਪਈ ਅੱਖੀਂ..ਮਸਾਂ ਕਿਤੇ ਖ਼ੁਦ ਨੂੰ ਸਾਂਭਿਆ,ਬੱਸ ਅਸੀਂ ਤਾਂ ਉਦੋਂ ਉਮੀਦ ਹੀ ਲਾਹ ਤੀ ਸੀ ਇਹਨਾਂ ਦੇ ਮੁੜਨ ਦੀ ।"

ਇਹ ਸੁਣ ਕੇ ਪਰਦੀਪ ਨੇ ਦਾਦਾ ਜੀ ਨੂੰ ਘੁੱਟ ਕੇ ਜੱਫੀ ਪਾਈ ਤੇ ਉੱਪਰ ਅਸਮਾਨ ਵੱਲ ਦੇਖ ਕੇ ਦੋਵੇਂ ਹੱਥ ਜੋੜ ਸ਼ੁਕਰਾਨਾ ਕੀਤਾ ।ਪ੍ਰਦੀਪ ਨੇ ਹੁਣ ਦਾਦਾ ਜੀ ਨੂੰ ਪੁੱਛਿਆ,"ਦਾਦਾ ਜੀ,ਤੁਸੀ ਨੀਲਾ ਤਾਰਾ ਸਾਕੇ ਵੇਲੇ ਦਰਬਾਰ ਸਾਹਿਬ ਹੀ ਸੀ।ਫੇਰ ਤੁਸੀ ਤਾਂ ਉਹ ਸਾਰਾ ਕੁਸ਼ ਦੇਖਿਆ ਹੋਣਾ,ਮੈਂ ਤਾਂ ਫੇਸਬੁੱਕ ਤੇ ਜਾਣਿਆ ਕਿ ਉੱਥੇ ਤਾਂ ਖ਼ੂਨੀ ਘਾਣ ਹੋਇਆ,ਨਿੱਕੇ ਨਿੱਕੇ ਬੱਚੇ ਵੀ ਸ਼ਹੀਦ ਹੋਗੇ ਸੀ,ਕੀ ਅੰਦਰ ਸਾਰੇ ਸਿੱਖ ਮਾਰੇ ਗਏ ਸੀ?"ਐਨੇ ਸਾਰੇ ਕੱਠੇ ਪ੍ਰਸ਼ਨ ਸੁਣ ਦਾਦਾ ਜੀ ਦੱਸਣ ਲੱਗੇ,"ਅਸੀਂ ਤਾਂ ਪਿੰਡ ਦੇ ਜੱਥੇ ਨਾਲ ਆਪਣੀਆਂ ਟਰਾਲੀਆਂ ਵਿੱਚ ਹੀ ਅੰਬਰਸਰ ਗਏ ਸੀ ਦਰਬਾਰ ਸਾਹਿਬ ਮੱਥਾ ਟੇਕਣ,ਪੰਜਵੇਂ ਪਾਤਸ਼ਾਹ ਜੀ ਦਾ ਸ਼ਹੀਦੀ ਪੁਰਬ ਹੋਣ ਕਰਕੇ...ਉੱਥੇ ਸਾਰੇ ਪੰਜਾਬ ਤੋਂ ਹੀ ਲੋਕ ਆਏ ਸੀ..।" "ਦਾਦਾ ਜੀ ਉਦੋਂ ਫੇਰ ਤੁਸੀ ਸੰਤਾਂ ਨੂੰ ਵੀ ਮਿ਼ਲੇ ਹੋਵੋਂਗੇ?"ਪ੍ਰਦੀਪ ਦੇ ਪੁੱਛਣ ਤੇ ਉਸਦੇ ਦਾਦਾ ਜੀ ਫੇਰ ਬੋਲੇ,"ਪੁੱਤ ਉੱਥੇ ਸੰਗਤ ਤਾਂ ਬਹੁਤ ਸੀ...ਸਾਨੂੰ ਤਾਂ ਪਤਾ ਵੀ ਨੀਂ ਸੀ....ਇਹ ਤਾਂ...ਜਦੋਂ ਉੱਥੇ ਗੋਲੀਆਂ ਚੱਲਣੀਆਂ ਸ਼ੁਰੂ ਹੋਈਆਂ ਤਾਂ ਪਤਾ ਲੱਗਿਆ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੀ ਆਪਣੇ ਸਿੱਖਾਂ ਨਾ਼ਲ ਉੱਥੇ ਹੀ ਸਨ ਤੇ ਸਮੇਂ ਦੀ ਸਰਕਾਰ ਉਨ੍ਹਾਂ ਨੂੰ ਉਥੋਂ ਗ੍ਰਿਫਤਾਰ ਕਰਨਾ ਚਾਹੁੰਦੀ ਸੀ ।ਇਸ ਲਈ ਹੀ ਤਾਂ ਦਰਬਾਰ ਸਾਹਿਬ ਸੀਲ ਕਰ ਦਿੱਤਾ,ਅੰਦਰੋਂ ਕੋਈ ਬਾਹਰ ਨਾਂ ਜਾਣ ਦਿੱਤਾ,ਫੇਰ ਤਾਂ ਪੂਰੇ ਪੰਜਾਬ 'ਚ ਈ ਕਰਫਿਊ ਲੱਗ ਗਿਆ ਸੀ । ਫੌਜ ਨੇ ਉੱਥੇ ਗੋਲੀਬਾਰੀ ਕੀਤੀ,ਬੂਟਾਂ ਸਮੇਤ,ਸਿਰੋਂ ਨੰਗੇ ਹੀ ਫੌਜੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਘੁੰਮਦੇ ਰਹੇ,ਬੇਅਦਬੀ ਕਰਦੇ ਰਹੇ ।ਇਸੇ ਥਾਂ ਲਾਸ਼ਾਂ ਦੇ ਢੇਰ ਲੱਗੇ ਹੋਏ ਸੀ ਤੇ ਸਾਰਾ ਸਰੋਵਰ ਵੀ ਲਾਲ ਹੋਇਆ ਪਿਆ ਸੀ ।ਇਹ ਕੋਹਰਾਮ ਦੇਖ ਮੈਂ ਤਾਂ ਬੇਹੋਸ਼ ਹੋ ਡਿਗ ਪਿਆ,ਤਾਂ ਪਿੰਡ ਆਲਿਆਂ ਨੇ ਮੈਨੂੰ ਇੱਕ ਕਮਰੇ ਵਿੱਚ ਹੀ ਡੱਕ ਦਿੱਤਾ,ਤਿੰਨ ਦਿਨ ਭੁੱਖਾ ਪਿਆਸਾ ਪਿਆ ਰਿਹਾ,ਹਫ਼ਤੇ ਭਰ ਬਾਦ ਕਰਫਿਊ ਖੁੱਲਣ ਤੇ ਨਾ਼ਲ ਦਿਆਂ ਨੇ ਪਿੰਡ ਪਹੁੰਚਾ ਤਾ।" ਬੋਲਦਿਆਂ ਅਜੇ ਵੀ ਉਨ੍ਹਾਂ ਦੀ ਦੇਹ ਕੰਬ ਰਹੀ ਸੀ ।ਫੇਰ ਬੋਲੇ,"ਜਾਲਮਾਂ ਨੇ ਗੁਰੂਆਂ ਦੀ ਨਗਰੀ ਨੂੰ ਵੀ ਨਹੀਂ ਸੀ ਬਖਸ਼ਿਆ,ਸਭ ਢਹਿ ਢੇਰੀ ਕਰ ਦਿੱਤਾ ।"

ਦਾਦੀ ਜੀ ਨੇ ਅੱਖਾਂ ਪੂੰਝਦਿਆਂ ਕਿਹਾ, "ਪੁੱਤ, ਇਹ ਜੋ ਅਕਾਲ ਤਖ਼ਤ ਸਾਹਿਬ ਆਪਾਂ ਦਰਸ਼ਨ ਕਰ ਰਹੇ ਆਂ,ਇਹ ਤਾਂ ਮੁੜ ਉਸਾਰਿਆ ਗਿਆ ।ਹੁਣ ਤੁਸੀ ਆਪ ਹੀ ਦੇਖ ਲਓ,ਤੁਸੀ ਇਸ ਮਹਾਨ ਵਿਰਸੇ ਦੇ ਵਾਰਿਸ ਹੋ,ਤੁਸੀ ਹੀ ਪੂਰੀ ਸ਼ਰਧਾ ਤੇ ਵਿਸ਼ਵਾਸ ਨਾਲ ਸਾਂਭਣਾ ਹੈ ਇਸ ਨੂੰ ।"



**ਬੀਨਾ ਬਾਵਾ,ਲੁਧਿਆਣਾ**
**(ਐੱਮ ਏ ਆਨਰਜ਼, ਐੱਮ ਫਿਲ, ਪੰਜਾਬੀ )**

# ਧੰਨ ਧੰਨ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵੱਲੋਂ ਭਵਾਨੀਗੜ੍ਹ ਦੇ ਬੱਸ ਅੱਡੇ ਉੱਪਰ ਇੱਕ ਰੋਜ਼ਾ ਲੰਗਰ ਦੀ ਸੇਵਾ ਨਿਭਾਈ ਗਈ

**ਸੰਦੀਪ ਸਿੰਘ ਬਖੋਪੀਰ (ਸਮਾਜ ਵੀਕਲੀ)** ਸਕੂਲ ਦੇ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਦੇ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ ਅਤੇ ਮੈਨੇਜਰ ਸਰਦਾਰ ਸਰਬਜੀਤ ਸਿੰਘ ਜੀ ਮੈਨੇਜਮੈਂਟ ਮੈਂਬਰ ਕਮਲਦੀਪ ਸਿੰਘ ਝਨੇੜੀ ਜੀ ਅਤੇ ਪ੍ਰਬੰਧਕ ਡਾਇਰੈਕਟਰ ਡਾ: ਗੁਰਮੀਤ ਸਿੰਘ ਜੀ ਦੀ ਯੋਗ ਅਗਵਾਈ ਸਦਕਾ ਬੀਤੇ ਦਿਨੀਂ ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਦੇ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਧੰਨ ਧੰਨ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਨਵੇਂ ਬੱਸ ਸਟੈਂਡ ਭਵਾਨੀਗੜ੍ਹ ਵਿਖੇ ਇੱਕ ਦਿਨਾਂ ਲੰਗਰ ਦੀ ਸੇਵਾ ਨਿਭਾਈ ਗਈ। ਵਿਦਿਆਰਥੀਆਂ ਅਤੇ ਮਾਪਿਆਂ ਦੇ ਸਹਿਯੋਗ ਨਾਲ ਚਾਹ ਅਤੇ ਕਾਲੇ ਚਨਿਆਂ ਦਾ ਲੰਗਰ ਲਗਾਇਆ ਗਿਆ, ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਇਸ ਲੰਗਰ ਦੀ ਸੇਵਾ ਵਿੱਚ ਵੱਧ ਚੜ ਕੇ ਸੇਵਾ ਨਿਭਾਈ , ਸਕੂਲ ਲੰਮੇ ਸਮੇਂ ਤੋਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਨੈਤਿਕ ਕਦਰਾਂ ਕੀਮਤਾਂ ਵਾਲੀ ਸਿੱਖਿਆ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਿੱਥੇ ਸਕੂਲ ਦੇ ਵਿਦਿਆਰਥੀਆਂ ਨੇ ਸੇਵਾ ਕੀਤੀ ਉੱਥੇ ਹੀ ਧੰਨ ਧੰਨ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਲਾਸ਼ਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਆਪਣੇ ਸ਼ਹਾਦਤਾਂ ਭਰੇ ਲਾਸਾਨੀ ਵਿਰਸੇ ਦਾ ਗਿਆਨ ਵੀ ਹਾਸਿਲ ਕੀਤਾ ਅਤੇ ਸੰਗਤਾਂ ਦੀ ਸੇਵਾ ਕੀਤੀ। ਸੇਵਾ ਕਮੇਟੀ ਦੇ ਇੰਚਾਰਜ ਪੰਜਾਬੀ ਅਧਿਆਪਕ ਸੰਦੀਪ ਸਿੰਘ ਧਰਮ ਵਿਸ਼ੇ ਦੇ ਅਧਿਆਪਕ ਗੁਰਜੰਟ ਸਿੰਘ ਨਾਲ ਸਕੂਲ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।



# ਧੰਨ ਧੰਨ ਬਾਬਾ ਭੂੰਮਣ ਸ਼ਾਹ ਜੀ ਦਾ ਸਾਲਾਨਾ ਜੋੜ ਮੇਲਾ ਅਤੇ ਕਬੱਡੀ ਟੂਰਨਾਮੈਂਟ ਸਵਾਹ ਵਾਲਾ ਜ਼ਿਲ੍ਹਾ ਫਾਜ਼ਿਲਕਾ (ਪੰਜਾਬ) ਮਿਤੀ 27-12-2024 (13 ਪੋਹ) ਵਿਸ਼ੇਸ਼ ਸਹਿਯੋਗੀ (ਯੂਥ ਕਬੱਡੀ ਕਲੱਬ ਕੈਨੇਡਾ)




ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਸ. ਹਰਵਿੰਦਰ ਸਿੰਘ ਜਹਾਂਗੀਰ ਕੈਨੇਡਾ,, ਸ. ਦਰਸ਼ਨ ਸਿੰਘ ਰਾਏ ਕੈਨੇਡਾ,, ਸ . ਬਿੱਕਰ ਸਿੰਘ ਸਰਾਏ,, ਸ. ਕੁਲਬੀਰ ਸਿੰਘ ਕੈਨੇਡਾ,, ਸ. ਮੱਖਣ ਸਿੰਘ ਧਾਲੀਵਾਲ ਯੂ ਐਸ ਏ,, ਸ. ਗੋਲਡੀ ਖੱਟੜਾ ਕੈਨੇਡਾ,, ਸ. ਦਵਿੰਦਰ ਰਾਏ ਕੈਨੇਡਾ,, ਸ. ਹਰਪ੍ਰੀਤ ਰਾਏ ਕੈਨੇਡਾ,, ਸ. ਸੁਰਿੰਦਰ ਰਾਏ ਕੈਨੇਡਾ,, ਸਰਬਜੀਤ ਰਾਏ ਕੈਨੇਡਾ,, ਸ. ਸਿਮਰਨਜੀਤ ਰਾਏ ਕੈਨੇਡਾ,, ਸ. ਚਰਨਜੀਤ ਕੈਨੇਡਾ।

# ਵਧੀਕ ਡਿਪਟੀ ਕਮਿਸ਼ਨਰ ਨੇ ਹੁਨਰ ਵਿਕਾਸ ਸਕੀਮਾਂ ਦਾ ਲਿਆ ਜਾਇਜ਼ਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਦੀ ਪ੍ਰਧਾਨਗੀ ਹੇਠ ਪੰਜਾਬ ਹੁਨਰ ਵਿਕਾਸ ਮਿਸ਼ਨ ਦੀ ਵਿੱਤੀ ਸਾਲ 2024-25 ਦੀ ਤੀਸਰੀ ਤਿਮਾਹੀ ਦੀ ਜ਼ਿਲ੍ਹਾ ਸਕਿਲ ਕਮੇਟੀ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ ਵਿਚ ਚਲਾਈਆਂ ਜਾ ਰਹੀਆ ਹੁਨਰ ਵਿਕਾਸ ਸਕੀਮਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਪੰਜਾਬ ਹੁਨਰ ਵਿਕਾਸ ਮਿਸ਼ਨ ਦੀ ਜ਼ਿਲ੍ਹਾ ਪੱਧਰੀ ਟੀਮ ਵੱਲੋ ਦੱਸਿਆ ਗਿਆ ਕਿ ਜ਼ਿਲ੍ਹੇ ਵਿਚ ਦੀਨ ਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲ ਯੋਜਨਾ ਅਧੀਨ 51 ਉਮੀਦਵਾਰਾ ਦੀ ਵੇਅਰਹਾਉਸ ਐਸੋਸੀਏਟ ਦੇ ਕੋਰਸ ਵਿਚ ਟ੍ਰੇਨਿੰਗ ਕਰਵਾਈ ਜਾ ਰਹੀ ਹੈ, ਜੋ ਕਿ ਅਪ੍ਰੈਲ 2025 ਤੱਕ ਸਮਾਪਤ ਹੋ ਜਾਵੇਗੀ। ਇਸ ਟ੍ਰੇਨਿੰਗ ਵਿਚ ਉਮੀਦਵਾਰਾਂ ਨੂੰ ਮੁਫ਼ਤ ਟ੍ਰੇਨਿੰਗ ਤੋ ਇਲਾਵਾ ਮੁਫ਼ਤ ਕਾਪੀਆਂ- ਕਿਤਾਬਾਂ, ਵਰਦੀਆਂ ਅਤੇ ਆਉਣ-ਜਾਣ ਦਾ ਕਿਰਾਇਆ ਦਿੱਤਾ ਜਾ ਰਿਹਾ ਹੈ।ਇਸ ਟ੍ਰੇਨਿੰਗ ਪ੍ਰੋਗਰਾਮ ਤੋ ਬਾਅਦ ਉਮੀਦਵਾਰਾਂ ਨੂੰ ਨੌਕਰੀ 'ਤੇ ਲਗਾਇਆ ਜਾਵੇਗਾ। ਇਸ ਤੋਂ ਇਲਾਵਾ ਪੰਜਾਬ ਹੁਨਰ ਵਿਕਾਸ ਮਿਸ਼ਨ ਅਧੀਨ ਜ਼ਿਲ੍ਹੇ ਵਿਚ ਸਥਾਪਿਤ ਕੀਤੇ ਗਏ ਸਰਕਾਰੀ ਹੁਨਰ ਵਿਕਾਸ ਕੇਂਦਰਾਂ ਉਸਮਾਨਪੁਰ ਅਤੇ ਮੁਕੰਦਪੁਰ ਵਿਚ ਜਲਦ ਹੀ ਸ਼ੁਰੂ ਕੀਤੀ ਜਾਣ ਵਾਲੇ ਹੁਨਰ ਸਿਖਲਾਈ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਗਈ। ਪੰਜਾਬ ਹੁਨਰ



ਵਿਕਾਸ ਮਿਸ਼ਨ ਵੱਲੋ ਆਈ.ਬੀ.ਐਮ/ਨੈਸਕਾਮ/ਮਾਈਕ੍ਰੋਸਾਫਟ ਨਾਲ ਸਹੀ ਕੀਤੇ ਗਏ ਇਕਰਾਰਨਾਮੇ ਅਨੁਸਾਰ ਉਮੀਦਵਾਰਾਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਆਨਲਾਈਨ ਕੋਰਸਾਂ ਵਿਚ ਵਿਦਿਆਰਥੀਆਂ ਦੇ ਦਾਖ਼ਲੇ ਬਾਰੇ ਜਾਣਕਾਰੀ ਦਿੱਤੀ ਗਈ। ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਵੱਲੋ ਜ਼ਿਲ੍ਹੇ ਦੇ ਸਰਕਾਰੀ/ਪ੍ਰਾਈਵੇਟ ਕਾਲਜਾਂ ਨੂੰ ਹਦਾਇਤ ਕੀਤੀ ਗਈ ਕਿ ਉਨ੍ਹਾਂ ਦੀ ਸੰਸਥਾ ਵਿਚ ਪੜ੍ਹਾਈ ਕਰ ਰਹੇ ਉਮੀਦਵਾਰਾਂ ਨੂੰ ਇਨ੍ਹਾਂ ਕੋਰਸਾਂ ਵਿਚ ਵੱਧ ਤੋ ਵੱਧ ਦਾਖ਼ਲਾ ਕਰਵਾ ਕੇ ਇਸ ਸਕੀਮ ਦਾ ਫਾਇਦਾ ਦਿਵਾਇਆ ਜਾਵੇ। ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਵੱਲੋਂ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਵੱਲੋ ਚਲਾਈਆਂ ਜਾ ਰਹੀਆਂ ਵੱਖ-ਵੱਖ ਮੁਫ਼ਤ ਹੁਨਰ ਸਿਖਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਅਤੇ ਆਪਣੇ ਹੁਨਰ ਨੂੰ ਵਧਾ ਕੇ ਵਧੀਆ ਨੌਕਰੀਆਂ ਦੇ ਯੋਗ ਬਣਨ। ਉਨ੍ਹਾਂ ਵੱਲੋਂ ਮੀਟਿੰਗ ਵਿਚ ਸ਼ਮੂਲੀਅਤ ਕਰਨ ਵਾਲੇ ਵੱਖ-ਵੱਖ ਵਿਭਾਗਾਂ ਦੇ ਨੁਮਾਇੰਦਿਆਂ ਨੂੰ ਹਦਾਇਤ ਜਾਰੀ ਕੀਤੀ ਕਿ ਉਨ੍ਹਾਂ ਦੇ ਵਿਭਾਗ ਅਧੀਨ ਲੋੜਵੰਦ ਉਮੀਦਵਾਰਾਂ ਨੂੰ ਇਨ੍ਹਾਂ ਸਕੀਮਾਂ ਵਿਚ ਦਾਖ਼ਲਾ ਕਰਵਾਉਣ ਲਈ ਲੋੜੀਂਦੀ ਕਾਰਵਾਈ ਕਰਨ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਨੁਮਾਇੰਦਿਆਂ ਤੋ ਇਲਾਵਾ ਪੰਜਾਬ ਹੁਨਰ ਵਿਕਾਸ ਮਿਸ਼ਨ ਦੀ ਜ਼ਿਲ੍ਹਾ ਟੀਮ ਵੱਲੋਂ ਸ਼ੰਮੀ ਠਾਕੁਰ, ਸੁਮਿਤ ਸ਼ਰਮਾ ਅਤੇ ਰਾਜ ਕੁਮਾਰ ਮੌਜੂਦ ਰਹੇ।

# ਸਮਾਜ ਸੇਵਕ ਡਾ. ਬਲਜੀਤ ਸਿੰਘ ਦੀ ਮਾਤਾ ਨਮਿਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਅੱਜ

**ਫਿਲੌਰ/ਅੱਪਰਾ (ਜੱਸੀ)**-ਸਮਾਜ ਸੇਵਕ ਡਾ. ਬਲਜੀਤ ਸਿੰਘ ਤੇ ਉਨਾਂ ਦੇ ਭਰਾ ਕਬੱਡੀ ਖਿਡਾਰੀ ਧਰਮਿੰਦਰ ਧਿੰਦੀ ਦੀ ਮਾਤਾ ਬੀਬੀ ਸਰੋਜ ਬਾਲਾ (ਉਮਰ ਲਗਭਗ 63 ਸਾਲ) ਦੀ ਬੀਤੇ ਦਿਨੀਂ ਸੰਖੇਪ ਬਿਮਾਰੀ ਦੌਰਾਨ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਞ ਉਨਾਂ ਦੀ ਮਾਤ ਜੀ ਬੀਬੀ ਸਰੋਜ ਬਾਲਾ ਨਮਿਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਅੱਜ ਮਿਤੀ 26 ਦਸੰਬਰ ਦਿਨ ਵੀਰਵਾਰ ਨੂੰ ਬਾਅਦ ਦੁਪਿਹਰ 12 ਤੋਂ 2 ਵਜੇ ਤੱਕ ਗ੍ਰਹਿ ਨਿਵਾਸ ਪਿੰਡ ਛੋਕਰਾਂ ਨੇੜੇ ਅੱਪਰਾ (ਜਿਲਾ ਜਲੰਧਰ) ਵਿਖੇ ਪਵੇਗਾ ।



# ਮਨੁੱਖਤਾ ਦੀ ਸੇਵਾ ਹੀ ਸਭ ਤੋਂ ਉੱਤਮ ਸੇਵਾ - ਡਾ. ਪੁਸ਼ਵਿੰਦਰ ਗਰੋਵਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਰੋਟਰੀ ਕਲੱਬ ਆਫ਼ ਹੁਸ਼ਿਆਰਪੁਰ ਵੱਲੋਂ ਸਾਲ 2024 ਦੇ ਅੰਤ ਵਿੱਚ ਭਾਗੀਤਾਰਾ ਫਿਜ਼ੀਓ ਥੈਰੇਪੀ ਸੈਂਟਰ ਦੇ ਪਿੱਛੇ ਸਥਿਤ ਵਿਸ਼ੇਸ਼ ਫਾਰਮ ਹਾਊਸ ਵਿਖੇ ਇੱਕ ਪਰਿਵਾਰਕ ਮੀਟਿੰਗ-ਕਮ-ਜ਼ਿਲ੍ਹਾ ਗਵਰਨਰ ਦਾ ਅਧਿਕਾਰਤ ਦੌਰਾ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਸਨੇਹ ਜੈਨ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਡਾ. ਗਰੋਵਰ, ਜ਼ਿਲ੍ਹਾ ਗਵਰਨਰ ਜ਼ਿਲ੍ਹਾ 3070 ਅੰਮ੍ਰਿਤਸਰ ਸ਼ਾਮਲ ਹੋਏ। ਇਸ ਤੋਂ ਇਲਾਵਾ ਇਹ ਸਮਾਗਮ ਜੋ ਕਿ ਇੱਕ ਪਰਿਵਾਰਕ ਮਿਲਣੀ ਸਮਾਰੋਹ ਸੀ, ਰੋਟਰੀ ਡਿਸਟ੍ਰਿਕਟ ਦਾ ਇੱਕ ਵਿਸ਼ੇਸ਼ ਸਮਾਗਮ ਬਣ ਗਿਆ। ਕਿਉਂਕਿ ਪੁਰਾਣੇ ਜ਼ਿਲ੍ਹਾ ਗਵਰਨਰ ਅਤੇ ਨਵੇਂ ਚੁਣੇ ਗਏ ਜ਼ਿਲ੍ਹਾ ਗਵਰਨਰ ਇਸ ਵਿੱਚ ਸ਼ਾਮਲ ਹੋਣ ਲਈ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਰੋਟੇਰੀਅਨ ਐਸ.ਪੀ ਗਰੋਵਰ, ਰੂਬੀ ਹਸਪਤਾਲ ਜਲੰਧਰ, ਡਾ: ਯੂ.ਐਸ.ਘਈ, ਰੋਟੇਰੀਅਨ ਅਨਿਲ ਸਿੰਘਲ, ਚੁਣੇ ਗਏ ਜ਼ਿਲ੍ਹਾ ਗਵਰਨਰ ਅਰੁਣ ਜੈਨ, ਜੀ.ਐਸ.ਬਾਵਾ ਵਿਸ਼ੇਸ਼ ਮਹਿਮਾਨ ਸਨ। ਇਸ ਮੌਕੇ ਕਲੱਬ 'ਚ ਨਵੇਂ ਸਾਲ ਦੀ ਆਮਦ 'ਤੇ ਜਿੱਥੇ ਜ਼ਿਲ੍ਹੇ ਭਰ ਦੇ ਰੋਟਰੀ ਪਰਿਵਾਰਾਂ ਅਤੇ ਰੋਟਰੀ ਅਧਿਕਾਰੀਆਂ ਦਾ ਇਕੱਠ ਸੀ। ਉੱਥੇ ਮੁੱਖ ਮਹਿਮਾਨ ਡਾ: ਪੁਸ਼ਵਿੰਦਰ ਸਿੰਘ ਗਰੋਵਰ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਵਤਾ ਦੀ ਸੇਵਾ ਕੀਤੀ ਜਾ ਰਹੀ ਹੈ। ਰੋਟਰੀ ਕਲੱਬ ਆਫ਼ ਹੁਸ਼ਿਆਰਪੁਰ ਬਹੁਤ ਹੀ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ



ਮਨੁੱਖਤਾ ਦੀ ਸੇਵਾ ਸਭ ਤੋਂ ਉੱਤਮ ਸੇਵਾ ਹੈ ਅਤੇ ਉਨ੍ਹਾਂ ਰੋਟਰੀ ਕਲੱਬ ਹੁਸ਼ਿਆਰਪੁਰ ਵੱਲੋਂ ਕੀਤੇ ਜਾ ਰਹੇ ਕੰਮਾਂ ਦਾ ਨਿਰੀਖਣ ਕੀਤਾ ਅਤੇ ਸਾਰੇ ਕਾਰਜਾਂ ਦੀ ਸ਼ਲਾਘਾ ਕੀਤੀ। ਮੁੱਖ ਮਹਿਮਾਨ ਦੀ ਮੰਗ 'ਤੇ ਰੋਟਰੀ ਕਲੱਬ ਦੇ ਮੈਂਬਰਾਂ ਨੇ ਰੋਟਰੀ ਇੰਟਰਨੈਸ਼ਨਲ ਦੇ ਪਲਸ ਪੋਲੀਓ ਪ੍ਰੋਗਰਾਮ ਲਈ 1000 ਅਮਰੀਕੀ ਡਾਲਰ ਦਾਨ ਕੀਤੇ। ਇਸ ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਕਲੱਬ ਵੱਲੋਂ ਸਾਬਕਾ ਜ਼ਿਲ੍ਹਾ ਗਵਰਨਰ ਜੀ.ਐਸ. ਬਾਵਾ ਅਤੇ ਅਸ਼ੋਕ ਜੈਨ ਪ੍ਰੋਜੈਕਟ ਚੇਅਰਮੈਨ ਦੀ ਦੇਖ-ਰੇਖ ਹੇਠ ਕੀਤਾ ਗਿਆ। ਇਸ ਮੌਕੇ ਰੋਟਰੀ ਕਲੱਬ ਦੇ ਨਵੇਂ ਮੈਂਬਰ ਸਟੇਟ ਬੈਂਕ ਆਫ਼ ਇੰਡੀਆ ਦੇ ਸੇਵਾਮੁਕਤ ਅਧਿਕਾਰੀ ਪ੍ਰਦੀਪ ਕੁਮਾਰ ਪਰਾਸ਼ਰ ਨੂੰ ਜ਼ਿਲ੍ਹਾ ਗਵਰਨਰ ਵੱਲੋਂ ਸਿਰੋਪਾਓ ਪਾ ਕੇ ਰੋਟਰੀ ਵਿੱਚ ਸ਼ਾਮਲ ਕੀਤਾ ਗਿਆ। ਅੰਤ ਵਿੱਚ ਆਏ ਹੋਏ ਸਾਰੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰੋਟੇਰੀਅਨ ਜੀ.ਐਸ.ਬਾਵਾ, ਸੁਰਿੰਦਰ ਵਿੱਜ, ਅਰੁਣ ਜੈਨ, ਪ੍ਰਧਾਨ ਸਨੇਹ ਜੈਨ, ਸਕੱਤਰ ਤਿਮਤਾਨੀ ਆਹਲੂਵਾਲੀਆ, ਰਜਿੰਦਰ ਮੌਦਗਿਲ, ਰਵੀ ਜੈਨ, ਯੋਗੇਸ਼ ਚੰਦਰ, ਪ੍ਰਦੀਪ ਪਰਾਸ਼ਰ, ਮੈਡਮ ਤਰਨਜੀਤ ਕੌਰ, ਸੁਰਿੰਦਰ ਕੁਮਾਰ, ਮੈਡਮ ਓਮ ਕਾਂਤਾ, ਅਸ਼ੋਕ ਜੈਨ, ਰਣਜੀਤ ਕੁਮਾਰ, ਡਾ. , ਸੰਜੀਵ ਕੁਮਾਰ, ਲੈਂਪੀ ਆਹਲੂਵਾਲੀਆ, ਚੰਦਰ ਸ਼ਰੀਨ, ਸੁਮਨ ਨਈਅਰ ਆਦਿ ਹਾਜ਼ਰ ਸਨ।

# ਬੇਟੀ ਬਚਾਓ ਬੇਟੀ ਪੜ੍ਹਾਓ ਪ੍ਰੋਗਰਾਮ ਅਧੀਨ ਕਾਨੂੰਨੀ ਜਾਗਰੂਕਤਾ ਕੈਂਪ

**ਬੋਹਾ ( ਚਾਨਣ ਦੀਪ ਸਿੰਘ ਔਲਖ )** ਅੱਜ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ ਜੀ ਦੀਆਂ ਹਦਾਇਤਾਂ ਅਨੁਸਾਰ ਅਤੇ ਜਿਲ੍ਹਾ ਪ੍ਰੋਗਰਾਮ ਅਫਸਰ ਮਾਨਸਾ ਸ਼੍ਰੀ ਮਤੀ ਰਤਿੰਦਰਪਾਲ ਕੌਰ ਜੀ ਵਲੋਂ ਦਿੱਤੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਤੇ ਸ੍ਰੀਮਤੀ ਨਿਰਮਲਾ ਦੇਵੀ ਇਸਤਰੀ ਬਾਲ ਵਿਕਾਸ ਪ੍ਰੋਜੈਕਟ ਅਫਸਰ ਬੁਢਲਾਡਾ ਜੀ ਦੀ ਅਗਵਾਈ ਵਿੱਚ ਅੱਜ ਮਿਤੀ 24-12-24 ਨੂੰ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਅਧੀਨ ਸਿਵਲ ਸਰਜਨ , ਵੋਮੈਨ ਸੈੱਲ ਅਤੇ ਜਿਲ੍ਹਾ ਲੀਗਲ ਸਰਵਿਸਜ ਅਥਾਰਟੀ ਮਾਨਸਾ ਜੀ ਦੀ ਸਹਾਇਤਾ ਨਾਲ ਗੁਰਦੁਆਰਾ ਸਾਹਿਬ ਗਾਦੜ ਪੱਤੀ ਬੋਹਾ ਬਲਾਕ ਬੁਢਲਾਡਾ ਵਿਖੇ ਲੀਗਲ ਅਵੈਰਨੈੱਸ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ।ਇਸ ਵਰਕਸ਼ਾਪ ਵਿੱਚ ਬੱਚਿਆਂ ਅਤੇ ਔਰਤਾਂ ਨੂੰ ਮਿਲਣ ਵਾਲੀਆਂ ਸਮੂਹ ਕਾਨੂੰਨੀ ਸੇਵਾਵਾਂ ਬਾਰੇ ਜਾਗਰੂਕ ਕੀਤਾ ਗਿਆ । ਸਿਹਤ ਵਿਭਾਗ ਵੱਲੋਂ ਸ੍ਰੀ ਹਰਬੰਸ ਲਾਲ ਅਤੇ ਵੋਮੈਨ ਸੈੱਲ ਦੇ ਅਧਿਕਾਰੀ ਵੱਲੋਂ ਔਰਤਾਂ ਅਤੇ ਬੱਚਿਆਂ ਨੂੰ ਕੁੜੀਆਂ ਨਾਲ ਸਬੰਧਤ ਕਾਨੂੰਨਾਂ ਬਾਰੇ ਵਿਸਥਾਰ



ਸਹਿਤ ਜਾਣਕਾਰੀ ਦਿੱਤੀ ਗਈ।ਉਹਨਾਂ ਵੱਲੋਂ ਕੁੜੀਆਂ ਨਾਲ ਹੋ ਰਹੀਆਂ ਕੁਰੀਤੀਆਂ ਜਿਵੇਂ ਭਰੂਣ ਹੱਤਿਆ , ਬਾਲ ਵਿਆਹ ,ਦਾਜ ਪ੍ਰਥਾ ਆਦਿ ਤੋਂ ਬਚਾਅ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਗਿਆ ।

ਕੈਂਪ ਦੌਰਾਨ ਵਿਭਾਗ ਵੱਲੋਂ ਬੱਚਿਆਂ ਨੂੰ ਕਾਪੀਆਂ ਅਤੇ ਪੈੱਨ ਦੇ ਕੇ ਸਨਮਾਨਿਤ ਕੀਤਾ ਗਿਆ। ਵਰਕਸ਼ਾਪ ਸਮਾਪਤ ਹੋਣ ਤੇ ਸਮੂਹ ਬੱਚਿਆਂ ਅਤੇ ਔਰਤਾਂ ਨੂੰ ਵਿਭਾਗ ਵਲੋਂ ਰਿਫਰੈਸ਼ਮੈਂਟ ਦਿੱਤੀ ਗਈ । ਇਸ ਮੌਕੇ ਜਿਲ੍ਹਾ ਕੋਆਰਡੀਨੇਟਰ ਸ੍ਰੀ ਕੁਲਵਿੰਦਰ ਸਿੰਘ, ਸ੍ਰੀਮਤੀ ਗੁਰਮੀਤ ਕੌਰ ਕਲਰਕ ,ਸ਼੍ਰੀਮਤੀ ਸੰਦੀਪ ਕੌਰ ਬਲਾਕ



ਕੋਆਰਡੀਨੇਟਰ ,ਸ਼੍ਰੀਮਤੀ ਸੁਖਵਿੰਦਰ ਕੌਰ ਸੁਪਰਵਾਈਜ਼ਰ , ਸ਼੍ਰੀ ਮਤੀ ਬਲਬੀਰ ਕੌਰ ਸੁਪਰਵਾਈਜ਼ਰ, ਆਂਗਣਵਾੜੀ ਵਰਕਰ ਪੁਸ਼ਪਾ ਦੇਵੀ, ਨੀਲਮ ਸਰਮਾ, ਪੁਸ਼ਪਾ ਕੱਕੜ ,ਉਰਮਿਲ ਰਾਣੀ,ਰੰਜਨਾ ਰਾਣੀ, ਰਣਬੀਰ ਕੌਰ, ਹਰਮੀਤ ਕੌਰ,ਕੁਲਵਿੰਦਰ ਕੌਰ,ਅੰਮ੍ਰਿਤਪਾਲ ਕੌਰ, ਸ਼ੰਮੀ ਰਾਣੀ,ਹਰਜਿੰਦਰ ਕੌਰ, ਜੀਤ ਕੌਰ ,ਸੰਤੋਸ਼ ਰਾਣੀ, ਸਲੋਚਨਾ ਦੇਵੀ ਅਤੇ ਸਮੂਹ ਆਂਗਣਵਾੜੀ ਹੈਲਪਰ , ਆਸ਼ਾ ਵਰਕਰ ਅਤੇ ਪਿੰਡ ਦੀਆਂ ਔਰਤਾਂ ਮੌਜੂਦ ਸਨ ।

# ਦੇਸ਼ ਵਿੱਚ ਬੱਚੀਆਂ ਤੇ ਔਰਤਾਂ ਨੂੰ ਸੁਰੱਖਿਅਤ ਕਰਨ ਲਈ ਅਰਬ ਦੇਸ਼ਾਂ ਦਾ ਕਾਨੂੰਨ ਜਰੂਰੀ-ਕਰਨਾਣਾ

**ਬੰਗਾ (ਚਰਨਜੀਤ ਸੱਲ੍ਹਾ):-** 27 ਦਸੰਬਰ ਨੂੰ ਖਟਕੜ ਕਲਾਂ ਵਿਖੇ ਸ਼ਹੀਦ ਏ ਆਜ਼ਮ ਸ ਭਗਤ ਸਿੰਘ ਦੀ ਸਮਾਰਕ ਤੇ ਸ਼ਹੀਦ ਭਗਤ ਸਿੰਘ ਸੋਸ਼ਲ ਵੈਲਫੇਅਰ ਐਂਡ ਕਲਚਰ ਸੋਸਾਇਟੀ ਪੰਜਾਬ ਵੱਲੋਂ ਇੱਕ ਦਿਨ ਦੀ ਭੁੱਖ ਹੜਤਾਲ ਕੀਤੀ ਜਾ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸੁਸਾਇਟੀ ਦੇ ਪ੍ਰਦੇਸ਼ ਪ੍ਰਧਾਨ ਅਮਰਜੀਤ ਸਿੰਘ ਕਰਨਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਸੋਸ਼ਲ ਵੈਲਫੇਅਰ ਸੁਸਾਇਟੀ ਪਿਛਲੇ 13 ਸਾਲਾਂ ਤੋਂ ਦੇਸ਼ ਵਿੱਚ ਬੱਚੀਆਂ ਤੇ ਹੋ ਰਹੇ ਰੇਪ ਵਰਗੇ ਦੁਰਘਟਨਾ ਨੂੰ ਰੋਕਣ ਲਈ ਤੇ ਔਰਤਾਂ ਤੇ ਅਣਮਨੁੱਖੀ ਵਤੀਰੇ ਨੂੰ ਰੋਕਣ ਲਈ ਸੰਘਰਸ਼ ਕਰਦੀ ਆ ਰਹੀ ਹੈ। ਸ਼ਹੀਦ ਭਗਤ ਸਿੰਘ ਸੋਸ਼ਲ ਵੈਲਫੇਅਰ ਸੁਸਾਇਟੀ ਵੱਲੋਂ ਇਸ ਸਬੰਧੀ ਮਾਣਯੋਗ ਰਾਸ਼ਟਰਪਤੀ ਨੂੰ ਅਤੇ ਚੀਫ ਜਸਟਿਸ ਆਫ ਇੰਡੀਆ ਨੂੰ ਵੀ ਮਿਲਣ ਲਈ ਟਾਈਮ ਮੰਗਿਆ ਗਿਆ ਹੈ ਤਾਂ ਕਿ ਬੱਚੀਆਂ ਤੇ ਔਰਤਾਂ ਤੇ ਹੋ ਰਹੇ ਹਨ ਮਨੁੱਖੀ ਵਤੀਰੇ ਨੂੰ ਰੋਕਣ ਲਈ ਦੇਸ਼ ਵਿੱਚ ਅਰਬ ਦੇਸ਼ਾਂ ਦਾ ਕਾਨੂੰਨ ਬਣਾਇਆ ਜਾਵੇ ਤਾਂ ਜੋ ਹੋ ਰਹੇ ਦੇਸ਼ ਵਿੱਚ ਔਰਤਾਂ ਤੇ ਅੱਤਿਆਚਾਰ ਰੁਕ ਸਕਣ। ਉਨ੍ਹਾਂ ਕਿਹਾ ਕਿ ਔਰਤਾਂ ਤੇ ਅੱਤਿਆਚਾਰਾਂ ਨੂੰ ਰੋਕਣ ਲਈ



ਪਿਛਲੇ ਸਮੇਂ ਤੋਂ ਫਾਸਟ ਟੈਗ ਅਦਾਲਤਾਂ ਵੀ ਬਣਾਈਆਂ ਗਈਆਂ । ਫਾਂਸੀ ਦੀ ਸਜ਼ਾ ਵੀ ਦਿੱਤੀ ਗਈ । ਪਰ ਰਾਕਸ਼ਸ ਪ੍ਰਵਿਰਤੀ ਦੇ ਬੰਦਿਆਂ ਲਈ ਇਹ ਸਜ਼ਾ ਘੱਟ ਹੈ । ਅਰਬ ਦੇਸ਼ਾਂ ਦੇ ਕਾਨੂੰਨ ਲਾਗੂ ਕਰਨ ਨਾਲ ਹੀ ਠੱਲ ਪੈ ਸਕਦੀ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀ ਲੋੜ ਅਨੁਸਾਰ ਦੇਸ਼ ਲਈ ਅਰਬ ਕੰਟਰੀ ਦੇ ਕਾਨੂੰਨ ਦੀ ਮੰਗ ਕਰਨੀ ਬਹੁਤ ਜਰੂਰੀ ਹੈ। ਜਦੋਂ ਕੋਈ ਘਟਨਾ ਵਾਪਰਦੀ ਹੈ ਤਾਂ ਲੋਕ ਪੁਲਿਸ ਥਾਣਿਆਂ ਦਾ ਘਿਰਾਓ ਕਰਦੇ ਹਨ ਜਦੋਂ ਕਿ ਜੋ ਕਾਨੂੰਨ ਵਿੱਚ ਜੋ ਹੈ ਉਹੀ ਥਾਣੇ ਵਾਲੇ ਵੀ ਕਾਰਵਾਈ ਕਰਨਗੇ। ਅਮਰਜੀਤ ਕਰਨਾਣਾ ਨੇ ਕਿਹਾ ਕਿ ਦੇਸ਼ ਵਿੱਚ ਹੋ ਰਹੇ ਰੇਪ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਉਹ ਅਤੇ ਉਨ੍ਹਾਂ ਦੇ ਸਾਥੀ ਇੱਕ ਦਿਨ ਦੀ ਭੁੱਖ ਹੜਤਾਲ ਕਰਨਗੇ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਅਰਬ ਦੇਸ਼ਾਂ ਦੇ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਉਹ ਹਰ ਸੰਘਰਸ਼ ਕਰਨ ਲਈ ਤਿਆਰ ਹਨ।

# ਭੈਣਾਂ ਵਰਗੀ ਧੀ

"ਬੇਟਾ ਆਹ ਕੋਟ ਤੇਰੇ ਬਹੁਤ ਸੋਹਣਾ ਲਗਦਾ ਹੈ।" ਮੈਂ ਉਸਦੇ ਪਾਇਆ ਮੂੰਗੀਏ ਜਿਹੇ ਰੰਗ ਦੇ ਕੋਟ ਨੂੰ ਵੇਖਕੇ ਕਿਹਾ।

"ਨਹੀਂ ਅੰਟੀ ਇਹ ਮੇਰਾ ਨਹੀਂ ਮੰਮੀ ਜੀ ਦਾ ਹੈ। ਮੇਰਾ ਤੇ ਮੰਮੀ ਦਾ ਮਾਪ ਵੀ ਇੱਕੋ ਹੈ ਤੇ ਪਸੰਦ ਵੀ।" ਉਸਨੇ ਦੱਸਿਆ।

"ਵਧੀਆ ਪਸੰਦ ਹੈ ਤੁਹਾਡੀ।" ਮੈਂ ਉਂਜ ਹੀ ਆਖਿਆ।

"ਮੇਰਾ ਤੇ ਮੰਮੀ ਦਾ ਬਹੁਤਾ ਫ਼ਰਕ ਵੀ ਨਹੀਂ ਉਮਰ ਦਾ। ਦਸ ਬਾਰਾਂ ਸਾਲ ਦਾ ਹੀ ਮਸਾਂ ਹੈ। ਓਦੋਂ ਮੈਂ ਬੀ ਐਸ ਸੀ ਕਰਦੀ ਸੀ। ਅਚਾਨਕ ਮੇਰੇ ਮੰਮੀ ਬਿਮਾਰ ਹੋ ਗਏ। ਬਾਹਰ ਵੀ ਇਲਾਜ ਕਰਵਾਇਆ ਪਰ ਕੋਈ ਫ਼ਰਕ ਨਾ ਪਿਆ। ਬਸ ਸਿਰ ਤੇ ਕਿਸੇ ਅਣਹੋਣੀ ਦੇ ਬੱਦਲ ਮੰਡਰਾਉਣ ਲੱਗੇ। ਡਾਕਟਰ ਵੀ ਹੌਸਲੇ ਦੀ ਬਜਾਇ ਭਾਣਾ ਮੰਨਣ ਦੀਆਂ ਗੱਲਾਂ ਕਰਦੇ। ਇਲਾਜ ਵੀ ਕਰਦੇ ਪਰ ਸੰਤਾਂ ਵਾਂਗੂ ਪ੍ਰਵਚਨ ਬਾਹਲੇ ਕਰਦੇ। ਜੀਵਨ ਮਰਨ ਪਰਮਾਤਮਾ ਦੇ ਹੱਥ ਹੈ।ਵੀ ਸਮਝਾਉਂਦੇ। ਸ਼ਾਇਦ ਉਹ ਵੀ ਉਮੀਦ ਛੱਡ ਚੁੱਕੇ ਸਨ। ਤੇ ਇੱਕ ਦਿਨ ਓਹੀ ਹੋਇਆ ਜਿਸਦਾ ਡਰ ਸੀ। ਸਾਡੇ ਵੇਖਦੇ ਵੇਖਦੇ ਹੀ ਡਾਕਟਰ ਨੇ ਮੰਮੀ ਦਾ ਮੂੰਹ ਉਪਰ ਲਈ ਚਿੱਟੀ ਚਾਦਰ ਨਾਲ ਢੱਕ ਦਿੱਤਾ। ਤੇ ਮੈਂ ਅਨਾਥ ਹੋ ਗਈ। ਘਰੇ ਸੋਗ ਹੀ ਸੋਗ ਸੀ। ਹੋਲੀ ਹੋਲੀ ਰਿਸ਼ਤੇਦਾਰ ਦੁੱਖ ਵੰਡਾਕੇ ਤੁਰਦੇ ਬਣੇ। ਹੁਣ ਦਾਦੀ ਤੇ ਨਾਨੀ ਸਾਡੇ ਚੁੱਲ੍ਹੇ ਦੀਆਂ ਮਾਲਿਕ ਸਨ। ਪਰ ਦੋਨੇ ਬਜ਼ੁਰਗ ਸਨ ਤੇ ਉਹਨਾਂ ਕੋਲੋ ਕੋਈ ਕੰਮ ਤਾਂ ਕੋਈ ਹੁੰਦਾ ਨਹੀਂ ਸੀ। ਇਸੇ ਤਰਾਂ ਘਰ ਦਾ ਸਿਸਟਮ ਖਰਾਬ ਹੋਣ ਲੱਗਿਆ। ਮੈਥੋਂ ਪਾਪਾ ਤੇ ਵੀਰੇ ਦੀ ਹਾਲਤ ਵੇਖੀ ਨਹੀਂ ਸੀ ਜਾਂਦੀ। ਪਾਪਾ ਮੈਨੂੰ ਐੱਮ ਐਸ ਸੀ ਤੇ ਬੀ ਐੱਡ ਕਰਾਉਣਾ ਚਾਹੁੰਦੇ ਸੀ ਤੇ ਮੈਂ ਘਰ ਸੰਭਾਲਣਾ ਚਾਹੁੰਦੀ ਸੀ। ਇਸੇ ਕਸਮਕਸ ਵਿੱਚ ਤੇ ਪਾਪਾ ਨੂੰ ਤਵੇ ਤੇ ਹੱਥ ਸੜਾਉਂਦੇ ਵੇਖਕੇ ਇੱਕ ਦਿਨ ਮੇਰਾ ਤ੍ਰਾਹ ਹੀ ਨਿਕਲ ਗਿਆ। ਉਸਦਿਨ ਮੈਂ ਬਹੁਤ ਰੋਈ। ਮੈ ਮੇਰੀ ਮਰੀ ਹੋਈ ਮਾਂ ਤੇ ਵੀ ਗੁੱਸੇ ਹੋਈ ਤੇ ਰੱਬ ਤੇ ਵੀ।

ਫ਼ਿਰ ਮੇਰੇ ਮਨ ਵਿੱਚ ਪਾਪਾ ਦੇ ਦੂਜੇ ਵਿਆਹ ਦਾ ਖਿਆਲ ਆਇਆ। ਅਤੇ ਇਹ ਰਹਿ ਗਏ। ਸਾਡੇ ਲਈ ਮਤਰੇਈ ਮਾਂ ਲਿਆਉਣ ਦਾ ਉਹਨਾਂ ਕਦੇ ਸੋਚਿਆ ਵੀ ਨਹੀਂ ਸੀ। ਸਾਡੀ ਪਰਵਰਿਸ਼ ਨੂੰ ਬੇਗਾਨੇ ਹੱਥਾਂ ਵਿੱਚ ਦੇਣ ਦਾ ਓਹਨਾ ਨੇ ਕਦੇ ਸੁਫਨਾ ਵੀ ਨਹੀਂ ਸੀ ਲਿਆ। ਉਹਨਾਂ ਨੇ ਮੈਨੂੰ ਝਿੜਕ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ। ਜਦੋ ਮੈ ਆਪਣੀ ਜਿੱਦ ਤੋਂ ਨਾ ਹਟੀ ਤਾਂ ਓਹਨਾ ਨੇ ਮੇਰੇ ਤੇ ਹੱਥ ਵੀ ਚੁੱਕਿਆ ਤਾਂਕਿ ਮੇਰੀ ਆਵਾਜ਼ ਦੱਬ ਜਾਵੇ।ਤੇ ਮੈਂ ਆਪਣੀ ਗੱਲ ਤੇ ਨਾ ਅੜਾਂ। ਪਰ ਹੁਣ ਤਾਂ ਮੈਂ ਵੀਰੇ ਨੂੰ ਵੀ ਆਪਣੇ ਨਾਲ ਰਲਾ ਲਿਆ ਸੀ। ਹੁਣ ਅਸੀਂ ਇੱਕ ਤੇ ਇੱਕ ਗਿਆਰਾਂ ਹੋ ਗਏ ਸੀ। ਉਧਰੋ ਮੇਰੇ ਫੈਸਲੇ ਦੀ ਭਿਣਕ ਮੇਰੀ ਭੂਆ ਤਾਈਆਂ ਚਾਚੀਆਂ ਨੂੰ ਪੈ ਗਈ। ਉਹਨਾਂ ਨੇ ਬਬੇਲਾ ਖੜਾ ਕਰ ਦਿੱਤਾ। ਭਾਵੇਂ ਵੇਲੇ ਕੁਵੇਲੇ ਉਹ ਸਾਡਾ ਘਰ ਵੀ ਸੰਭਾਲਦੀਆਂ ਸਨ। ਉਹਨਾਂ ਨੂੰ ਵੀ ਮੁਸਕਿਲ ਆਉਂਦੀ ਸੀ। ਮੇਰੇ ਫੈਸਲੇ ਨਾਲ ਉਹਨਾਂ ਨੂੰ ਵੀ ਨਿਜਾਤ ਮਿਲ ਸਕਦੀ ਸੀ। ਪਰ ਦੂਜੀ ਸ਼ਾਦੀ ਦਾ ਮਸਲਾ ਮਤਰੇਈਆਂ ਮਾਵਾਂ ਦੇ ਝੂਠੇ ਸੱਚੇ ਕਿੱਸੇ ਵੀ ਸੁਣਾਏ। ਮੈਨੂੰ ਭਗਵਾਨ ਤੇ ਦ੍ਰਿੜ ਵਿਸ਼ਵਾਸ ਸੀ।

ਆਖਿਰ ਓਹੀ ਹੋਇਆ ਜੋ ਮੈਂ ਚਾਹੁੰਦੀ ਸੀ। ਕਈ ਜਗ੍ਹਾ ਗੱਲ ਚਲਾਈ ਗਈ। ਕਈ ਜਗ੍ਹਾ ਗੱਲ ਚਲਦੀ ਤੇ ਗੱਲ ਸਿਰੇ ਨਾ ਚੜ੍ਹਦੀ। ਤੇ ਫਿਰ ਸਾਨੂੰ ਇੱਕ ਥਾਂ ਗੱਲ ਬਣਦੀ ਨਜ਼ਰ ਆਈ। ਮੈਂ ਵੀ ਮੇਰੀ ਹੋਣ ਵਾਲੀ ਮੰਮੀ ਜੀ ਨੂੰ ਮਿਲੀ। ਉਸ ਵਿਚ ਮੈਨੂੰ ਮੇਰੀ ਮਾਂ ਦਾ ਅਕਸ ਨਜ਼ਰ ਆਇਆ। ਇਸ ਤਰਾਂ ਸਾਡਾ ਮੰਮੀ ਜੀ ਨਾਲ ਮੇਲ ਹੋਇਆ। ਮੈਂ ਪਹਿਲੇ ਦਿਨ ਤੋਂ ਹੀ ਮੰਮੀ ਜੀ ਨੂੰ ਮਾਂ ਦੇ ਨਾਲ ਨਾਲ ਵੱਡੀ ਭੈਣ ਦੇ ਰੂਪ ਵਿੱਚ ਵੇਖਿਆ। ਸ਼ੁਰੂ ਸ਼ੁਰੂ ਵਿੱਚ ਮੇਰੀਆਂ ਭੂਆ ਚਾਚੀਆਂ ਤਾਈਆਂ ਨੇ ਖੂਬ ਨੱਕ ਬੁੱਲ ਚੜ੍ਹਾਏ। ਉਹਨਾਂ ਨੂੰ ਡਰ ਸੀ ਕਿ ਮੇਰੀ ਨਵੀਂ ਮੰਮੀ ਸਾਨੂੰ ਪੂਰਾ ਪਿਆਰ ਨਹੀਂ ਦੇ ਸਕੇਗੀ। ਸਗੋਂ ਓਹਨਾ ਨੂੰ ਸਾਡੇ ਪਾਪਾ ਜੀ ਦਾ ਸਾਡੇ ਪ੍ਰਤੀ ਨਜ਼ਰੀਆ ਬਦਲਣ ਦਾ ਖਦਸਾ ਸੀ। ਹਰ ਤਿੱਥ ਤਿਉਹਾਰ ਵਾਲੇ ਦਿਨ ਮੈਂ ਮੰਮੀ ਨੂੰ ਖੁਦ ਤਿਆਰ ਕਰਦੀ। ਜਦੋ ਪਹਿਲਾ ਕਰਵਾ ਚੋਥ ਆਇਆ ਤਾਂ ਮੈਂ ਸਾਰੀਆਂ ਰਸਮਾਂ ਕੋਲੇ ਖੜਕੇ ਖੁਦ ਪੂਰੀਆਂ ਕਰਵਾਈਆਂ। ਮੈਂ ਮੰਮੀ ਨਾਲ ਵੱਡੀ ਭੈਣ ਵਰਗਾ ਵਿਹਾਰ ਕਰਦੀ। ਅਸੀਂ ਅਕਸ਼ਰ ਭੈਣਾਂ ਵਾਂਗੂ ਇਕੱਠੀਆਂ ਖਰੀਦਦਾਰੀ ਕਰਦੀਆਂ। ਪਾਪਾ ਨੂੰ ਵੀ ਮੈਂ ਧੀ ਵਾਂਗੂ ਹੀ ਨਹੀਂ ਭੈਣ ਬਣਕੇ ਵੀ ਸਮਝਾਉਂਦੀ। ਹੋਲੀ ਹੋਲੀ ਮੰਮੀ ਨੇ ਆਪਣੇ ਆਪ ਨੂੰ ਪੂਰੀ ਤਰਾਂ ਐਡਜਸਟ ਕਰ ਲਿਆ। ਸਾਡੇ ਦਿਲ ਵਿੱਚ ਤਾਂ ਮਤਰੇਈ ਸ਼ਬਦ ਪਹਿਲਾਂ ਤੋਂ ਨਹੀਂ ਸੀ ਤੇ ਹੁਣ ਰਿਸ਼ਤੇਦਾਰਾਂ ਦੇ ਮਨ ਵਿਚੋਂ ਵੀ ਪੂਰੀ ਤਰਾਂ ਨਿਕਲ ਗਿਆ।

ਸਾਲ ਕੁ ਘਰੇ ਰਹਿ ਕੇ ਮੈਂ ਫਿਰ ਹੋਸਟਲ ਚਲੀ ਗਈ। ਪਹਿਲਾਂ ਐੱਮ ਐਸ ਸੀ ਕੀਤੀ ਫਿਰ ਬੀ ਐਡ। ਫਿਰ ਮੈਨੂੰ ਨੇੜੇ ਦੇ ਸਰਕਾਰੀ ਸਕੂਲ ਵਿੱਚ ਨੌਕਰੀ ਮਿਲ ਗਈ।

ਮੰਮੀ ਮੇਰੀ ਸ਼ਾਦੀ ਦਾ ਅਕਸ਼ਰ ਫਿਕਰ ਕਰਦੀ। ਪਾਪਾ ਜੀ ਨੂੰ ਵੀ ਝਿੜਕਦੀ ਕਿ ਬੇਟੀ ਲਈ ਕੋਈ ਵਰ ਵੇਖੋ।

ਕਈ ਵਾਰੀ ਉਹ ਬੈਠੀ ਬੈਠੀ ਮੇਰੀ ਵਿਦਾਈ ਦਾ ਸੋਚਕੇ ਰੋਣ ਲੱਗ ਜਾਂਦੀ। ਅੱਜ ਵੀ ਮੈਨੂੰ ਮੇਰੀ ਮੰਮੀ ਮੇਰੀ ਵੱਡੀ ਭੈਣ ਲਗਦੀ ਹੈ। ਮੇਰੇ ਨਾਲ ਭੈਣਾਂ ਵਾਂਗੂ ਵਿਚਰਦੀ ਹੈ।

ਮੈਨੂੰ ਕਦੇ ਮੇਰੀ ਮਾਂ ਯਾਦ ਨਹੀਂ ਆਉਂਦੀ।" ਉਸ ਦੀਆਂ ਗੱਲਾਂ ਵਿਚੋਂ ਮੋਹ ਤੇ ਵਿਸ਼ਵਾਸ ਝਲਕਦਾ ਸੀ। ਮਾਵਾਂ ਧੀਆਂ ਨੂੰ ਭੈਣਾਂ ਭੈਣਾਂ ਵੇਖਕੇ ਮੇਰੀਆਂ ਅੱਖਾਂ ਵਿੱਚ ਵੀ ਹੰਝੂ ਆ ਗਏ ਤੇ ਮੈਥੋਂ ਓਥੇ ਖੜ੍ਹ ਨਾ ਹੋਇਆ ਤੇ ਮੈਂ ਚੁੰਨੀ ਦੇ ਲੜ੍ਹ ਨਾਲ ਅੱਖਾਂ ਜਿਹੀਆਂ ਪੂੰਝਦੀ ਓਥੋ ਚਲ ਪਈ।

ਭੈਣਾਂ ਵਰਗੀ ਧੀ ਦੀ ਕਹਾਣੀ ਨੇ ਮੇਰਾ ਸਰੀਰ ਹੀ ਨਿਚੋੜ ਦਿੱਤਾ।



**ਰਮੇਸ਼ ਸੇਠੀ ਬਾਦਲ**

# ਅੰਬੇਡਕਰ ਅੰਬੇਡਕਰ ਅਮਿਤ ਸ਼ਾਹ ਸ਼ਰਮ ਕਰ..

ਭਾਰਤ ਰਤਨ ਡਾ.ਭੀਮ ਰਾਉ ਅੰਬੇਡਕਰ ਭਾਰਤੀ ਇਤਿਹਾਸ ਦੇ ਉਹ ਗਿਣੇ ਚੁਣੇ ਬੁਲੰਦ ਹਸਤੀ ਵਾਲੇ ਯੋਧਾ ਹਨ ਜਿਹਨਾਂ ਨੇ ਤਲਵਾਰ ਨਾਲ ਨਹੀਂ ,ਸਗੋਂ ਕਲਮ ਨਾਲ ਉਹ ਲਾਮਿਸਾਲ ਪੂਰਨੇ ਪਾਏ ਕਿ ਕਰੋੜਾਂ ਦੀ ਗਿਣਤੀ ਵਿੱਚ ਵੱਸਦੇ ਭਾਰਤੀ ਲੋਕ ਸਵੈਮਾਣ ਦੀ ਜ਼ਿੰਦਗੀ ਜੀ ਸਕਣ ਦੇ ਸਮਰੱਥ ਹੋ ਸਕੇ ਹਨ। ਕਿਸੇ ਵੀ ਇਮਾਰਤ ਦੀ ਨੀਂਹ ਜਿੰਨੀ ਡੂੰਘੀ ਅਤੇ ਮਜ਼ਬੂਤ ਹੋਵੇਗੀ, ਉਨੀ ਹੀ ਉਸ ਇਮਾਰਤ ਦੀ ਉਪਰਲੀ ਉਚਾਈ ਦੀ ਸੁਰੱਖਿਆ ਅਤੇ ਗਰੰਟੀ ਆਂਕੀ ਜਾ ਸਕਦੀ ਹੈ। ਅਜ਼ਾਦ ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਵਾਲੀ ਕਮੇਟੀ ਵਿੱਚ ਸਭਤੋਂ ਜ਼ਿਆਦਾ ਪੜ੍ਹੇ ਲਿਖੇ ਅਤੇ ਸਭਤੋਂ ਵੱਧ ਫੁੱਲ ਟਾਈਮ ਕੰਮ ਕਰਨ ਵਾਲੇ ਵਿਦਵਾਨ ਸਿਰਫ ਡਾਕਟਰ ਅੰਬੇਡਕਰ ਹੀ ਸਨ। ਜਿਸ ਮਜ਼ਾਕੀਏ ਲਹਿਜੇ ਨਾਲ ਭਾਰਤੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਾਰਲੀਮੈਂਟ ਹਾਊਸ ਵਿੱਚ ਬਹਿਸ ਦੌਰਾਨ "ਅੰਬੇਡਕਰ, ਅੰਬੇਡਕਰ, ਅੰਬੇਡਕਰ..... ਕਈ ਵਾਰ ਦੁਹਰਾਇਆ, ਇਸ ਵਰਤਾਰੇ ਨੂੰ ਸਾਰੀ ਦੁਨੀਆਂ ਨੇ ਲਾਈਵ ਦੇਖਿਆ ਹੈ। ਅਮਿਤ ਸ਼ਾਹ ਕਾਂਗਰਸੀਆਂ ਨੂੰ ਸੰਬੋਧਨ ਕਰਦਿਆਂ ਆਪਣੀ ਗੱਲ ਸਿੱਧੀ ਵਿਰੋਧੀ ਪਾਰਟੀ ਨੂੰ ਨਿਸ਼ਾਨਾ ਬਣਾਕੇ ਵੀ ਕਰ ਸਕਦਾ ਸੀ।ਉਸਨੇ ਭਗਵਾਨ ਦੇ ਨਾਮ ਰਾਹੀਂ ਅਗਲੇ ਜਨਮ ਵਿੱਚ ਸਵਰਗ ਮਿਲਣ ਦੀ ਗਰੰਟੀ ਵੀ ਦੇ ਦਿੱਤੀ। ਕੀ ਭਾਰਤ ਦੀ ਸੰਸਦ ਵਿੱਚ ਵੀ ਹੁਣ ਗੈਰ ਵਿਗਿਆਨਿਕ ਬਾਬਾਗਿਰੀ ਜਾਂ ਤੰਤਰਿਕ ਭਵਿੱਖਵਾਣੀਆਂ ਸੁਣਾਈਆਂ ਜਾਣਗੀਆਂ? ਕੀ ਭਾਜਪਾ ਨੇ ਰਾਮ ਮੰਦਿਰ ਬਣਾਕੇ ਭਾਰਤੀਆਂ ਨੂੰ ਧਰਤੀ ਉੱਤੇ ਸਵਰਗ ਵਰਗਾ ਮਹੌਲ ਬਣਾ ਦਿੱਤਾ ਹੈ? ਸਵਰਗ ਦੇਖਣ ਲਈ ਤਾਂ ਸਵਰਗਵਾਸੀ ਬਣਨਾ ਪੈਣਾ ਹੁੰਦਾ ਹੈ। ਕੀ ਅਮਿਤਸ਼ਾਹ ਦੇ ਕੱਝ ਮਿੱਤਰਾਂ ਨੇ ਇਸ ਦੇ ਦਰਸ਼ਨ ਕਰਨ ਲਈ ਮਨ ਬਣਾ ਲਿਆ ਹੈ? ਜਾਂ ਇਹ ਧਰਤੀ ਉੱਪਰ ਹੀ ਆਪਣੇ ਲਈ ਸਵਰਗ ਵਰਗੇ ਨਜ਼ਾਰੇ ਲੈ ਰਹੇ ਹਨ? ਇਸ ਬਿਆਨ ਦਾ ਤਾਂ ਸਿੱਧਾ ਇਸ਼ਾਰਾ ਹੈ ਕਿ ਸੰਸਦ ਵਿੱਚ ਹਿੰਦੂ ਮਾਨਤਾਵਾਂ ਮੁਤਾਬਕ ਸੱਤ ਜਨਮਾਂ ਤੱਕ ਸਵਰਗ ਦੀਆਂ ਬਾਤਾਂ ਪਾਕੇ ਕੁੱਝ ਲੋਕਾਂ ਨੂੰ ਪੱਕੇ ਤੌਰ ਤੇ ਨਰਕ ਵਿੱਚ ਰੱਖਣ ਦੀ ਮਨਸ਼ਾ ਹੈ। ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਕਾਰਪੋਰੇਟ ਫਾਈਨਾਂਸਰ ਤਾਂ ਵਾਕਿਆ ਹੀ ਸੱਤ ਜਨਮਾਂ ਲਈ ਸਵਰਗ ਦਾ ਪ੍ਰਬੰਧ ਕਰੀ ਬੈਠੇ ਹਨ। ਕੋਈ ਸ਼ੱਕ ਨਹੀਂ ਕਿ ਅਜ਼ਾਦੀ ਬਾਅਦ ਕਾਂਗਰਸ ਵਿੱਚਲੇ ਕੁੱਝ ਨੇਤਾਵਾਂ ਨਾਲ ਡਾ ਅੰਬੇਡਕਰ ਸਾਹਿਬ ਦੇ ਵਿਚਾਰਕ ਮੱਤ ਭੇਦ ਸਨ।ਉਹਨਾਂ ਨੂੰ ਪਸੰਦੀਦਾ ਵਿਭਾਗ ਵੀ ਨਹੀਂ ਸਨ ਦਿੱਤੇ ਗਏ, ਦਲਿਤਾਂ ਦੇ ਬਿਨਾਂ ਵੋਟਾਂ ਦੇ ਰਾਖਵੇਂ ਇਲੈਕਟਰੋਲ ਮਾਮਲੇ ਉੱਪਰ ਵੀ ਕਾਂਗਰਸ ਸਹਿਮਤ ਨਹੀਂ ਸੀ ਪਰ ਇਸ ਦੇ ਬਾਵਜੂਦ ਉਹਨਾਂ ਨੂੰ ਕਨੂੰਨ ਮੰਤਰੀ ਦਾ ਅਹੁਦਾ ਮਿਲਿਆ। ਇਸ ਰਾਂਹੀ ਉਹਨਾਂ ਦੇਸ਼ ਵਾਸੀਆਂ ਨੂੰ ਬਰਾਬਰ ਦੀ ਸਿੱਖਿਆ ਅਤੇ ਵੋਟ ਦਾ ਅਧਿਕਾਰ ਦਿੱਤਾ। ਔਰਤਾਂ ਦੇ ਹੱਕਾਂ ਨੂੰ ਸੁਰੱਖਿਅਤ ਕੀਤਾ। ਭਾਰਤੀ ਰਿਜ਼ਰਵ ਬੈਂਕ ਦੀ ਸਥਾਪਨਾ ਕੀਤੀ। ਦੇਸ਼ ਦੇ ਸੰਵਿਧਾਨ ਅੰਦਰ 'ਧਰਮ ਨਿਰਪੇਖਤਾ'(ਸੈਕੂਲਰ ) ਸ਼ਬਦ ਸ਼ਾਮਲ ਕਰਕੇ ਘੱਟ ਗਿਣਤੀਆਂ ਦੀਆਂ ਆਸ਼ਾਵਾਂ ਨੂੰ ਅਮਰ ਕੀਤਾ। ਉਸ ਵੇਲੇ ਜਨਸੰਘ( ਬੀਜੇਪੀ) ਦਾ ਰੋਲ ਕੀ ਸੀ? ਅਜ਼ਾਦੀ ਘੋਲ ਵਿੱਚ ਕਿੰਨੀਆਂ ਸ਼ਹੀਦੀਆਂ ਇਹਨਾਂ ਦੇ ਪਰਿਵਾਰਾਂ ਵਿੱਚ ਹੋਈਆਂ? ਇਹਨਾਂ ਦੀ ਹਿੰਦੂਵਾਦੀ ਸੋਚ ਵਾਲੇ ਨੇਤਾਵਾਂ ਨੇ ਅੰਗਰੇਜ਼ ਹਕੂਮਤ ਨਾਲ ਲੈਣ ਦੇਣ ਕਰਕੇ ਭਾਰਤ ਲਈ ਕੀ ਹਾਸਲ ਕੀਤਾ? ਇਹਨਾਂ ਦੇ ਕਿਹੜੇ ਨੇਤਾ ਨੇ ਗੋਲ ਮੇਜ਼ ਕਾਨਫਰੰਸ ਵਿੱਚ ਹਿੱਸਾ ਲੈ ਕੇ ਭਾਰਤ ਦੇ ਸੁਨਹਿਰੀ ਭਵਿੱਖ ਲਈ ਯੋਗਦਾਨ ਪਾਇਆ? ਇਸ ਦੇ ਉਲਟ ਇਹਨਾਂ ਨੇ ਸਤੀ ਪ੍ਰਥਾ , ਵਿਧਵਾ ਵਿਆਹ ਅਤੇ ਸਮਾਜ ਵਿੱਚ ਛੂਆ ਛਾਤ ਨੂੰ ਬਰਕਰਾਰ ਰੱਖਣ ਵਿੱਚ ਪ੍ਰਸ਼ਾਸਨ ਨਾਲ ਮਿਲਕੇ ਸਾਜ਼ਿਸ਼ਾਂ ਤਹਿਤ ਬਹੁਗਿਣਤੀ ਨੂੰ ਮਨੁੱਖੀ ਹੱਕਾਂ ਤੋਂ ਵਾਂਝਿਆ ਰੱਖਿਆ। ਅਮਿਤ ਸ਼ਾਹ ਦੇ ਬੇਤੁਕੇ ਅਤੇ ਸ਼ਰਾਰਤੀ ਬਿਆਨ ਵਿੱਚੋਂ ਬੀਜੇਪੀ ਦੀ ਤਾਨਾਸ਼ਾਹੀ ਵੱਲ ਵੱਧਣ ਅਤੇ ਸੰਵਿਧਾਨ ਪ੍ਰਤੀ ਨਫ਼ਰਤ ਜੱਗ ਜ਼ਾਹਿਰ ਹੋਈ ਹੈ। ਉਪਰੋਂ ਮੋਦੀ ਦੀ ਤਮਾਸ਼ਬੀਨੀ ਮੀਸਣੀ ਚੁੱਪੀ ਦੱਸਦੀ ਹੈ ਕਿ ਇਰਾਦੇ ਕਾਲੇ ਹਨ।ਦੇਸ਼ ਦੇ 80 ਕਰੋੜ ਗਰੀਬਾਂ ਨੂੰ ਐਫ ਸੀ ਆਈ ਦੇ ਗੁਦਾਮਾਂ ਵਿੱਚ ਬੰਦ ਅਨਾਜ ਵੰਡਣਾ, ਹਰ ਤਿੰਨ ਸਾਲਾਂ ਬਾਅਦ ਮਿਆਰ ਪੱਖੋਂ ਵੈਸੇ ਵੀ ਸਹੀ ਨਹੀਂ ਰਹਿੰਦਾ। ਇਸ ਕਦਮ ਨੂੰ ਦੇਸ਼ ਦੀ ਗਰੀਬੀ ਲਈ ਸਰਕਾਰ ਲਈ ਧੱਬਾ ਮੰਨਣ ਦੀ ਬਜਾਇ ਗੋਦੀ ਮੀਡੀਆ ਰਾਹੀਂ ਵੋਟਾਂ ਦੌਰਾਨ ਬਹੁਤ ਵੱਡਾ ਪਰਉਪਕਾਰੀ ਕਦਮ ਪ੍ਰਚਾਰਿਆ ਜਾ ਰਿਹਾ ਹੈ। ਈ ਵੀ ਐਮ ਮਸ਼ੀਨਾਂ, ਚੋਣ ਕਮਿਸ਼ਨ ਦੇ ਵੋਟਾਂ ਦੇ ਪ੍ਰਤੀਸ਼ਤ ਬਾਰੇ ਬਦਲਦੇ ਬਿਆਨ ਅਤੇ ਵੱਡੇ ਵਪਾਰੀਆਂ ਕੋਲ਼ੋਂ ਚੋਣ ਫੰਡ ਲੈਣ ਲਈ ਦੇਸ਼ ਦੀਆਂ ਇਨਵੈਸਟੀਗੇਸ਼ਨ ਏਜੰਸੀਆਂ ਦੀ ਵਰਤੋਂ ਹੁਣ ਆਮ ਲੋਕਾਂ ਦੀ ਜਾਣਕਾਰੀ ਵਿੱਚ ਹਨ। ਅਮਰੀਕਾ , ਕਨੇਡਾ, ਇੰਗਲੈਂਡ ਅਤੇ ਪੰਜਾਬ ਵਿੱਚ ਖਾਸ ਕਰਕੇ ਖੁਫੀਆ ਤੰਤਰ ਬਹੁਤ ਘਾਤਕ ਗੇਮ ਖੇਲ ਰਿਹਾ ਹੈ। ਕੁੱਝ ਦਿਨ ਪਹਿਲਾਂ ਸੰਵਿਧਾਨ ਦੀ ਪ੍ਰਸਤਾਵਨਾ ਵਿੱਚੋਂ " ਸੋਸ਼ਲਿਸਟ ਅਤੇ ਸੈਕੂਲਰ " ਸ਼ਬਦ ਹਟਾਉਣ ਲਈ ਸੁਪਰੀਮ ਕੋਰਟ ਵਿੱਚ ਪਵਾਈਆਂ ਅਤੇ ਨਕਾਰੀਆਂ ਗਈਆਂ ਪਟੀਸ਼ਨਾਂ ਕਿਸ ਪਾਰਟੀ ਦਾ ਏਜੰਡਾ ਸੀ? ਨਿਆਂਪਾਲਕਾ ਨੂੰ ਧਮਕਾਉਣ ਅਤੇ ਉਲ਼ਝਾਉਣ ਲਈ ਕੀਤੀਆਂ ਜਾ ਰਹੀਆਂ ਸਾਜ਼ਿਸ਼ਾਂ ਵੀ ਲੋਕ ਦੇਖ ਰਹੇ ਹਨ। ਅਸੀਂ ਦੇਸ਼ ਦੀਆਂ ਕੁਰੀਤੀਆਂ ਲਈ ਕਾਂਗਰਸ ਨੂੰ ਦੋਸ਼ ਮੁਕਤ ਨਹੀਂ ਕਰ ਰਹੇ। ਪਰ ਜਿਸ ਤਰੀਕੇ ਨਾਲ ਮਨੂਸਮ੍ਰਿਤੀ ਨੂੰ ਸੰਵਿਧਾਨ ਦੇ ਬਦਲ ਵਜੋਂ ਸਾਹਮਣੇ ਲਿਆਦਾ ਜਾ ਰਿਹਾ ਹੈ, ਇਹ ਚਾਲ ਭਾਰਤੀ ਲੋਕ ਕਦੇ ਵੀ ਸਹਿਣ ਨਹੀਂ ਕਰਨਗੇ। ਸਮੂਹ ਦੇਸ਼ ਭਗਤ ਭਾਰਤੀਆਂ ਵੱਲੋਂ ਅਜ਼ਾਦੀ ਬਾਅਦ ਇੱਕ ਹੋਰ ਲੜਾਈ ਸ਼ਾਇਦ " ਸੰਵਿਧਾਨ ਬਚਾਉ, ਮੋਦੀ ਹਟਾਉ" ਲਹਿਰ ਚਲਾਉਣ ਲਈ ਲੜਨੀ ਪਵੇਗੀ। ਦੇਸ਼ ਦੀਆਂ ਸਾਰੀਆਂ ਗੈਰ ਭਾਜਪਾ ਸਟੇਟ ਅਸੈਂਬਲੀਆਂ,ਵਿੱਚ ਮਤੇ ਪਾ ਕੇ, ਗਵਰਨਰ ਹਾਊਸ, ਡੀ ਸੀ ਦਫ਼ਤਰਾਂ ਰਾਹੀਂ ਰਾਸ਼ਟਰਪਤੀ ਨੂੰ ਮੈਮੋਰੰਡਮ ਦੇ ਕੇ ਅਤੇ ਹੋ ਸਕੇ ਤਾਂ ਸੜਕਾਂ ਤੱਕ ਬੇ ਜੀ ਪੀ ਦੀਆਂ ਤਾਨਾਸ਼ਾਹੀ ਪਾਲਸੀਆਂ ਦਾ ਭਾਂਡਾ ਭੰਨਣਾ ਬਣਦਾ ਹੈ। ਸਮੂਹ ਖੇਤਰੀ ਪਾਰਟੀਆਂ,ਅੰਬੇਡਕਰੀ ਜਥੇਬੰਦੀਆਂ ਅਤੇ ਵਕੀਲਾਂ ਨੂੰ ਇਕੱਠੇ ਹੋ ਕੇ ਅਮਿਤਸ਼ਾਹ ਖ਼ਿਲਾਫ਼ ਕਨੂੰਨ ਦੀਆਂ ਯੋਗ ਧਾਰਾਵਾਂ ਤਹਿਤ ਭਾਵਨਾਵਾਂ ਭੜਕਾਉਣ ਲਈ ਐਫ ਆਈ ਆਰਜ਼ ਦਰਜ ਕਰਵਾਉਣੀਆਂ ਚਾਹੀਦੀਆਂ ਹਨ।

" ਬੁਰਾਈ ਨੂੰ ਜੰਮਦਿਆਂ ਦੀ ਮਾਰੋ" ਦੇ ਅਸੂਲ ਮੁਤਾਬਕ ਇਹ ਕੰਮ ਏਕਤਾ ਫਰੰਟ ਬਣਾ ਕੇ ਕਰਨਾ ਚਾਹੀਦਾ ਹੈ।ਨਹੀ ਤਾਂ ਲੋਕਤੰਤਰ ਵਿੱਚ ਹੀ " ਮੋਨੋਕਰੇਸੀ ਅਤੇ ਆਟੋਕਰੇਸੀ " ਸਾਨੂੰ ਜ਼ਖਮੀ ਕਰਨਾ ਸ਼ੁਰੂ ਕਰ ਦੇਵੇਗੀ। ਮੇਰੀ ਗ਼ਜ਼ਲ ਦਾ ਇੱਕ ਢੁੱਕਵਾਂ ਸ਼ਿਅਰ ਹੈ

" ਲੋਕ ਰਾਜ ਵਿੱਚ ਤਾਨਾਸ਼ਾਹੀ ਜੇ ਪਲ੍ਹ ਗਈ ਰੱਤੜਾ,

ਸੁੱਕੀ ਖ਼ਲਕਤ ਮਰ ਜਾਊ ਆਪੇ ਮਾਰ ਆਸ਼ਾਵਾਂ ਨੂੰ"



**ਕੇਵਲ ਸਿੰਘ ਰੱਤੜਾ**

# ਸੈਣੀ ਸਮਾਜ ਨੇ ਮਹਾਰਾਜਾ ਸ਼ੂਰ ਸੈਣੀ ਦਾ ਜਨਮਦਿਨ ਧੂਮਧਾਮ ਨਾਲ ਮਨਾਇਆ

**ਹੁਸ਼ਿਆਰਪੁਰ ( ਸਤਨਾਮ ਸਿੰਘ ਸਹੂੰਗੜਾ)** ਸੈਣੀ ਜਾਗਰਤੀ ਮੰਚ ਪੰਜਾਬ ਵੱਲੋਂ ਮਹਾਰਾਜਾ ਸ਼ੂਰ ਸੈਣੀ ਜੀ ਦਾ ਜਨਮਦਿਨ ਸੈਣੀ ਭਵਨ ਨੇੜੇ ਗੰਜਾ ਸਕੂਲ ਬਹਾਦੁਰਪੁਰ, ਹੁਸ਼ਿਆਰਪੁਰ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਇਲਾਕੇ ਅਤੇ ਸ਼ਹਿਰ ਦੇ ਪਤਵੰਤਿਆਂ ਨੇ ਵਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਸ਼ਮੂਲੀਅਤ ਕੀਤੀ। ਇਸ ਮੌਕੇ ਤੇ ਪਿਛੜੀ ਸ਼੍ਰੇਣੀਆਂ ਅਤੇ ਫਾਇਨਾਂਸ ਕਾਰਪੋਰੇਸ਼ਨ ਪੰਜਾਬ ਦੇ ਚੇਅਰਮੈਨ ਸੰਦੀਪ ਸੈਣੀ ਵੱਲੋਂ ਸ਼੍ਰੀ ਸੈਣੀ ਜੀ ਦੀ ਜੀਵਨੀ ਬਾਰੇ ਤੇ ਬਰਾਦਰੀ ਬਾਰੇ ਜਾਣਕਾਰੀ ਦਿਤੀ ਗਈ। ਦੀਪ ਬਾਗਪੁਰੀ ਵੱਲੋਂ ਜਿਥੇ ਸੈਣੀ ਸਮਾਜ ਦੀ ਚਰਚਾ ਕੀਤੀ ਗਈ, ਉਥੇ ਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਵਿਤਾ ਸੁਣਾ ਕੇ ਲੋਕਾਂ ਦਾ ਦਿਲ ਮੋਹਿਆ। ਪ੍ਰੇਮ ਸੈਣੀ ਨੇ ਸਟੇਟ ਦਾ ਕੰਮ ਚਲਾਉਂਦੇ ਹੋਏ ਇਸ ਕੰਮ ਨੂੰ ਸ਼ਲਾਘਾਯੋਗ ਕਦਮ ਦੱਸਿਆ। ਮੰਚ ਦੇ ਪ੍ਰਧਾਨ ਕੁਲਵੰਤ ਸਿੰਘ ਸੈਣੀ ਵੱਲੋਂ ਜਿੱਥੇ ਮਹਾਰਾਜ ਸ਼ੂਰ ਸੈਣੀ ਜੀ ਦੀ ਜੀਵਨੀ ਬਾਰੇ ਗਲਬਾਤ ਕੀਤੀ ਗਈ, ਉਥੇ ਹੀ 20 ਦਸੰਬਰ ਤੋਂ ਜੋ 28 ਦਸੰਬਰ ਤੱਕ ਸ਼ਹੀਦੀ ਪੰਦਰਵਾੜਾ ਸਾਹਿਬਜਾਦਿਆਂ ਦਾ ਚਲਦਾ ਹੈ, ਉਸ ਇਤਿਹਾਸ ਬਾਰੇ ਵੀ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਨੂੰ ਜੋ ਕਿ ਸਾਰੀ ਦੁਨੀਆਂ ਦੇ ਲਈ ਸ਼ਹੀਦੀਆਂ ਦੇ ਕੇ ਸਾਨੂੰ ਜੀਣਾ ਸਿਖਾ ਕੇ ਗਏ ਹਨ ਉਨਾਂ ਨੂੰ ਯਾਦ ਰਖਣ ਦੀ ਵੀ ਗੱਲ ਕਹੀ ਗਈ। ਵੱਖ-ਵੱਖ ਬੁਲਾਰਿਆ ਵੱਲੋਂ ਮਹਾਰਾਜਾ ਸ਼ੂਰ ਸੈਣੀ ਜੀ ਦਾ ਜਨਮ ਅਤੇ ਸਹਿਬਜਾਦੀਆਂ ਦੀ ਸ਼ਹੀਦੀ ਦੇ ਪੰਦਰਵਾੜੇ ਦੀ ਗਲ ਕੀਤੀ ਗਈ। ਆਉਣ ਵਾਲੇ ਸਮੇਂ ਵਿੱਚ ਸੈਣੀ ਸੰਸਥਾਵਾਂ ਜੋ ਬਣੀਆਂ ਹਨ, ਉਹਨਾਂ ਸਾਰਿਆ ਨੂੰ ਮਹਾਰਾਜਾ ਸ਼ੂਰ ਸੈਣੀਜੀ ਦਾ ਜਨਮਦਿਨ ਮਨਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਆਉਣ ਵਾਲੇ ਸਮੇਂ ਵਿੱਚ ਵਡੇ ਪੱਧਰ ਤੇ ਮਨਾਉਣ ਲਈ ਪ੍ਰੇਰਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਚਾਹ-ਪਕੌੜਿਆਂ ਅਤੇ ਗੁਰੂ ਕਾ ਲੰਗਰ



ਅਟੁਟ ਵਰਤਾਇਆ ਗਿਆ। ਇਸ ਮੌਕੇ ਤੇ ਹਰਿੰਦਰ ਸੈਣੀ ਜਰਨਲ ਸਕੱਤਰ, ਸੁਰਿੰਦਰ ਪਾਲ ਕੌਰ ਪ੍ਰਧਾਨ ਲੇਡੀ ਵਿੰਗ ਪੰਜਾਬ, ਕ੍ਰਿਪਾਲ ਸਿੰਘ ਪਾਲੀ ਜਿਲਾ ਪ੍ਰਧਾਨ ਯੂਥ, ਪ੍ਰਭਜੋਤ ਸਿੰਘ ਸਟਾਰ ਪ੍ਰਧਾਨ ਪ੍ਰਧਾਨ ਯੂਥ, ਤਰਲੋਚਨ ਸੈਣੀ, ਮਨੋਜ ਸੈਣੀ, ਬਹਾਦਰਪੁਰ, ਆਰਟੀਟੇਕ ਹਰਵਿੰਦਰ ਸਿੰਘ ਸੈਣੀ, ਪਿਆਰੇ ਲਾਲ ਸੈਣੀ, ਸੁਰਤ ਸਿੰਘ ਸੈਣੀ, ਸ਼੍ਰੀ ਕ੍ਰਿਸ਼ਨ ਸੈਣੀ, ਸ਼੍ਰੀ ਹਰਿ ਕ੍ਰਿਸ਼ਨ ਸੈਣੀ, ਮੰਗਤ ਰਾਮ ਸੈਣੀ, ਭੁਪਿੰਦਰ ਸਿੰਘ, ਸਤਨਾਮ ਸਿੰਘ ਸੈਣੀ ਪ੍ਰਿੰਸੀਪਲ ਜੀਏਡੀ ਸਕੂਲ ਜਲੋਵਾਲ, ਮਦਨ ਲਾਲ ਸੈਣੀ, ਹਰਵਿੰਦਰ ਸਿੰਘ, ਏਕਮ ਇੰਜੀਨੀਅਰ, ਸੰਸਾਰ ਸਿੰਘ, ਮਲਕੀਤ ਸਿੰਘ ਬਸੀ ਗੁਲਾਮ ਹੁਸੈਨ, ਗੁਰਦੀਪ ਸਿੰਘ, ਓਂਕਾਰ ਸਿੰਘ ਖਨੂਰ, ਬੂਟਾ ਸਿੰਘ, ਬਲਵੀਰ ਸਿੰਘ ਸ਼ੇਰਗੜ੍ਹ, ਸੁਰਿੰਦਰ ਸਿੰਘ ਸੈਣੀ ਰਿਟਾ. ਪ੍ਰਿੰਸਿਪਲ, ਏਐਸ ਟਾਟਰਾ ਪ੍ਰਿ. ਪਲੇਅਵੇਅ ਸਕੂਲ, ਹਮੂਲਕ ਸੈਣੀ ਫਤੇਹਗੜ੍ਹ, ਸਰਬਜੀਤ ਸੈਣੀ ਟਾਂਡਾ, ਬੱਬਲੂ ਖੁਡਾਕਰਾਲਾ, ਹਰਪਾਲ ਲਾਡਾ, ਸੰਤੋਸ਼ ਸੈਣੀ, ਅਮਨਜੋਤ ਸੈਣੀ, ਆਰਤੀ ਸੈਣੀ, ਬਬਲੀ ਸੈਣੀ, ਚੇਅਰਮੈਨ ਲਾਲ ਸੈਣੀ, ਰਣਜੀਤ ਸਿੰਘ, ਜਸ਼ਪਾਲ ਸੈਣੀ, ਕੁਲਦੀਪ ਸੈਣੀ, ਹਰਜਾਪ ਸੈਣੀ, ਸੁਰਜੀਤ ਸਿੰਘ ਸੈਣੀ, ਹਰਮੀਰ ਸਿੰਘ ਸੈਣੀ, ਕਰਮਜੀਤ ਕੌਰ ਸੈਣੀ, ਜਸਪਾਲ ਕੌਰ, ਸੁਖਪ੍ਰੀਤ ਸਿੰਘ ਸੈਣੀ, ਅਮਨਦੀਪ ਕੌਰ ਸੈਣੀ, ਹਰਗੁਨ ਕੌਰ ਸੈਣੀ ਜੱਲੋਵਾਲ, ਹਰਪ੍ਰੀਤ ਕੌਰ ਸੈਣੀ, ਸੰਤੋਖ ਸਿੰਘ ਸੈਣੀ, ਪਰਵਿੰਦਰ ਸਿੰਘ ਆਦਿ ਹੋਰ ਪਤਵੰਤੇ ਮੌਜੂਦ ਸਨ।






# ਸਾਡਾ ਵਿਰੋਧ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਭਾਜਪਾ ਅਮਿਤ ਸ਼ਾਹ ਵਿਰੁੱਧ ਕਾਰਵਾਈ ਨਹੀਂ ਕਰਦੀ ਅਤੇ ਸ਼ਾਹ ਮੁਆਫ਼ੀ ਨਹੀਂ ਮੰਗਦੇ - ਕਾਹਲੋਂ

## ਕਿਹਾ, ਕਾਂਗਰਸ ਬਾਬਾ ਸਾਹਿਬ ਦਾ ਅਪਮਾਨ ਬਰਦਾਸ਼ਤ ਨਹੀਂ ਕਰੇਗੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਕਾਂਗਰਸ ਆਗੂਆਂ ਨੇ ਅੱਜ ਹੁਸ਼ਿਆਰਪੁਰ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਦੇਸ਼ ਦੇ ਗ੍ਰਹਿ ਮੰਤਰੀ ਵੱਲੋਂ ਡਾ: ਭੀਮ ਰਾਓ ਅੰਬੇਡਕਰ ਬਾਰੇ ਕੀਤੀ ਗਈ ਟਿੱਪਣੀ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਅਮਿਤ ਸ਼ਾਹ ਨੂੰ ਪੂਰੇ ਦੇਸ਼ ਤੋਂ ਮੁਆਫ਼ੀ ਮੰਗਣ ਦੀ ਮੰਗ ਕੀਤੀ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਬੁਲਾਰੇ ਜਸਕਰਨ ਕਾਹਲੋਂ, ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਰੁਣ ਡੋਗਰਾ ਮਿੱਕੀ, ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ, ਸਾਬਕਾ ਵਿਧਾਇਕ ਪਵਨ ਆਦੀਆ, ਯਾਮਿਨੀ ਗੋਮਰ, ਸਾਬਕਾ ਵਿਧਾਇਕ ਇੰਦੂਬਾਲਾ, ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਗੁਪਤਾ, ਸ਼ਹਿਰੀ ਕਾਂਗਰਸ ਪ੍ਰਧਾਨ ਨਵਪ੍ਰੀਤ ਰਹੀਲ, ਡਾ. ਪੁਨੀਤ ਸ਼ਰਮਾ, ਦਮਨਦੀਪ ਨਰਵਾਲ, ਰਣਜੀਤ ਕੁਮਾਰ ਕਿੱਟੀ ਅਤੇ ਮੋਹਨ ਸਿੰਘ ਲੇਹਲ ਹਾਜ਼ਰ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅਮਿਤ ਸ਼ਾਹ ਨੇ ਡਾ: ਅੰਬੇਡਕਰ ਬਾਰੇ ਜੋ ਸ਼ਬਦ ਕਹੇ ਹਨ, ਉਨ੍ਹਾਂ ਦੀ ਦੇਸ਼ ਹੀ ਨਹੀਂ ਸਗੋਂ ਪੂਰੀ ਦੁਨੀਆ 'ਚ ਨਿੰਦਾ ਹੋ ਰਹੀ ਹੈ ਅਤੇ ਅਮਿਤ ਸ਼ਾਹ ਦੇ ਵਤੀਰੇ ਤੋਂ ਇਹ ਨਹੀਂ ਲੱਗਦਾ ਕਿ ਉਹ ਕਿਸ ਗੱਲ 'ਤੇ ਵਿਸ਼ਵਾਸ ਕਰਦੇ ਹਨ। ਉਸ ਨੇ




ਕਿਹਾ ਕਿ ਕੋਈ ਸ਼ਰਮ ਹੈ? ਉਨ੍ਹਾਂ ਕਿਹਾ ਕਿ ਜਿੱਥੇ ਇੱਕ ਪਾਸੇ ਕੇਂਦਰ ਦੀ ਮੋਦੀ ਸਰਕਾਰ ਸੰਵਿਧਾਨ ਨਾਲ ਛੇੜਛਾੜ ਕਰ ਰਹੀ ਹੈ, ਉਥੇ ਦੂਜੇ ਪਾਸੇ ਅਮਿਤ ਸ਼ਾਹ ਵੱਲੋਂ ਇਸ ਦੇ ਨਿਰਮਾਤਾ ਡਾ: ਭੀਮ ਰਾਓ ਅੰਬੇਡਕਰ ਬਾਰੇ ਕਹੇ ਗਏ ਸ਼ਬਦ ਉਨ੍ਹਾਂ ਦੀ ਛੋਟੀ ਸੋਚ ਨੂੰ ਦਰਸਾਉਂਦੇ ਹਨ। ਕਾਂਗਰਸੀ ਆਗੂਆਂ ਨੇ ਕਿਹਾ ਕਿ ਨਰਿੰਦਰ ਮੋਦੀ ਨੂੰ ਅਮਿਤ ਸ਼ਾਹ ਨੂੰ ਮੰਤਰੀ ਮੰਡਲ ਤੋਂ ਬਾਹਰ ਦਾ ਰਸਤਾ ਦਿਖਾਉਣਾ ਚਾਹੀਦਾ ਹੈ। ਸ੍ਰੀ ਕਾਹਲੋਂ ਨੇ ਕਿਹਾ ਕਿ ਜਦੋਂ ਤੱਕ ਭਾਜਪਾ ਅਮਿਤ ਸ਼ਾਹ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰਦੀ ਅਤੇ ਉਹ ਪੂਰੇ ਦੇਸ਼ ਤੋਂ ਮੁਆਫ਼ੀ ਨਹੀਂ ਮੰਗਦੇ, ਉਦੋਂ ਤੱਕ ਦੇਸ਼ ਭਰ ਵਿੱਚ ਕਾਂਗਰਸ ਵੱਲੋਂ ਰੋਸ ਪ੍ਰਦਰਸ਼ਨ ਜਾਰੀ ਰਹਿਣਗੇ। ਇਹ ਡਾ: ਭੀਮ ਰਾਓ ਅੰਬੇਡਕਰ ਦਾ ਹੀ ਯੋਗਦਾਨ ਹੈ ਕਿ ਅੱਜ ਅਮਿਤ ਸ਼ਾਹ ਸੰਸਦ ਵਿੱਚ ਬੈਠੇ ਹਨ ਅਤੇ ਉਨ੍ਹਾਂ ਨੂੰ ਸੰਵਿਧਾਨ ਦੀ ਮਰਿਆਦਾ ਅਤੇ ਸੰਵਿਧਾਨ ਦੇ ਨਿਰਮਾਤਾ ਬਾਰੇ ਕੁਝ ਵੀ ਕਹਿਣ ਤੋਂ ਪਹਿਲਾਂ ਸੌ ਵਾਰ ਸੋਚਣਾ ਚਾਹੀਦਾ ਸੀ ਪਰ ਸੱਤਾ ਦੇ ਨਸ਼ੇ ਵਿੱਚ ਅਮਿਤ ਸ਼ਾਹ ਇੱਕ ਤਾਨਾਸ਼ਾਹ ਹੈ, ਉਹ ਅਮਿਤ ਸ਼ਾਹ ਵਾਂਗ ਕੰਮ ਕਰ ਰਹੇ ਹਨ ਅਤੇ ਕਾਂਗਰਸ ਉਨ੍ਹਾਂ ਨੂੰ ਦੱਸਣਾ ਚਾਹੁੰਦੀ ਹੈ ਕਿ ਇਹ ਦੇਸ਼ ਲੋਕਤੰਤਰ ਦੁਆਰਾ ਚਲਾਇਆ ਜਾਂਦਾ ਹੈ ਅਤੇ ਇੱਥੇ ਅਮਿਤ ਸ਼ਾਹ ਵਰਗੇ ਲੋਕਾਂ ਲਈ ਕੋਈ ਥਾਂ ਨਹੀਂ ਹੈ। ਇਸ ਦੌਰਾਨ ਉਨ੍ਹਾਂ ਕਾਂਗਰਸੀ ਵਰਕਰਾਂ ਅਤੇ ਆਮ ਜਨਤਾ ਨੂੰ ਵੀ ਅਮਿਤ ਸ਼ਾਹ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ।

# ਸਾਹਿਤ ਸਮਾਜ

26/12/2024

## ਬੀਬੀ ਹਰਸ਼ਰਨ ਕੌਰ ਦੀ ਸ਼ਹਾਦਤ

ਆਓ ਤੁਹਾਨੂੰ ਮਰਜੀਵੜਿਆਂ ਦੀ ਬਾਤ ਪਾਵਾਂ
ਬੀਬੀ ਹਰਸ਼ਰਣ ਕੌਰ ਦੀ ਸ਼ਹਾਦਤ ਦਾ ਇਤਿਹਾਸ ਸੁਣਾਵਾਂ।
ਜੰਗ ਵਿੱਚ ਵੱਡੇ ਸਾਹਿਬਜ਼ਾਦੇ ਸ਼ਹੀਦੀ ਪਾ ਗਏ
ਬੀਬੀ ਹਰਸ਼ਰਣ ਕੌਰ ਜੀ ਲੈ ਦੀਵਾ ਰਣ ਤੱਤੇ ਆ ਗਏ।
ਪਛਾੜ ਕੇ ਸਾਹਿਜ਼ਾਦਿਆਂ ਤੇ ਸ਼ਹੀਦ ਸਿੰਘਾਂ ਦੀ ਚਿਖਾ ਬਣਾਈ
ਪੜ੍ਹ ਬਾਣੀ ਸੋਧ ਅਰਦਾਸਾਂ ਬੀਬੀ ਜੀ ਨੇ ਸਸਕਾਰ ਦੀ ਰਸਮ ਨਿਭਾਈ॥
ਅੰਬਰ ਉੱਠਦੀਆਂ ਲਾਟਾਂ ਵੇਖ ਮੁਗਲ ਘਬਰਾ ਗਏ
ਵਾਹੋ ਦਾਹੀ ਹੋ ਇਕੱਠੇ ਸਿੰਘਾ ਦੀ ਚਿਖਾ ਦੁਆਲੇ ਆ ਗਏ॥
ਵੇਖ ਦੁਸ਼ਮਣ ਇਕੱਠੇ ਬੀਬੀ ਜੀ ਦਾ ਚੜ੍ਹਿਆ ਸੀ ਪਾਰਾ
ਲਲਕਾਰਿਆ ਗਰਜ ਕੇ ਤਾਂ ਵੈਰੀਆਂ ਕਰ ਦਿੱਤਾ ਕਾਰਾ।
ਕਈਆਂ ਨੂੰ ਬੀਬੀ ਜੀ ਆਪਣੀ ਸ੍ਰੀ ਸਾਹਿਬ ਨਾਲ ਪਾਰ ਬੁਲਾ ਗਏ
ਇਕੱਲੀ ਸਿੰਘਣੀ ਸੀਹਣੀ ਬਣ ਰਣ ਵਿੱਚ ਨਿਸ਼ਾਨ ਝੁਲਾ ਗਏ॥
ਵੈਰੀਆਂ ਰਲ ਬੀਬੀ ਜੀ ਨੂੰ ਗੰਭੀਰ ਫੱਟੜ ਕਰ ਦਿੱਤਾ
ਜ਼ਾਲਮਾਂ ਜਿਉਂਦਿਆਂ ਹੀ ਵਿੱਚ ਬਲਦੀ ਚਿਖਾ ਧਰ ਦਿੱਤਾ॥
ਆਪਣੀ ਜਾਨ ਕੁਰਬਾਨ ਕਰ ਬੀਬੀ ਜੀ ਇਤਿਹਾਸ ਬਣਾ ਗਏ
ਕਿਤੇ ਭੁੱਲ ਨਾ ਜਾਇਓ ਤਾਹੀ ਐਸ ਪੀ ਨਿਮਾਣੇ ਕਵਿਤਾ ਸੁਣਾ ਗਏ॥



ਸੁਰਿੰਦਰਪਾਲ ਸਿੰਘ

## ਇੱਟੇ ਬੁਰਜ਼ ਦੀਏ

ਕੰਧ ਠੰਡੇ ਬੁਰਜ਼ ਦੀ "ਗੁਰੀ" ਰੋਈ ਹੋਵੇਗੀ
ਹਵਾ ਸਿਸਕ ਸਿਸਕ ਕੇ ਫਿਰ ਸੋਈ ਹੋਵੇਗੀ
ਰਾਤ ਆਖਰੀ ਲਾਲਾਂ ਨੇ ਕਿੰਝ ਬਤਾਈ ਏ
ਦੱਸ ਇੱਟੇ ਬੁਰਜ਼ ਦੀਏ ਤੂੰ ਭਰੀ ਗਵਾਹੀ ਏ



ਰਾਤ ਕਹਿਰ ਦੀ ਦਾਦੀ ਗੋਦੀ ਪਾਏ ਹੋਣੇ ਨੇ
ਬਿੰਨਾ ਬਿਸਤਰੇ ਕਿੰਝ ਲਾਲ ਸਵਾਏ ਹੋਣੇ ਨੇ
ਬਾਤ ਸ਼ਹੀਦ ਦਾਦਾ ਜੀ ਦੀ ਹੋਣੀ ਸੁਣਾਈ ਏ
ਦੱਸ ਇੱਟੇ ਬੁਰਜ਼ ਦੀਏ ਤੂੰ ਭਰੀ ਗਵਾਹੀ ਏ

ਪੁਛਿਆ ਹੋਣਾ ਲਾਲਾਂ ਨੇ ਗੁਰੂ ਦੇ ਪਿਤਾ ਬਾਰੇ
ਕੀ ਕੀ ਬੀਤੀ ਦਾਦੀ ਤੇ ਦੱਸ ਦੇ ਦੁੱਖੜੇ ਸਾਰੇ
ਡੋਲਣਾ ਨਾ ਸਿਦਕੋ ਕਿੰਝ ਗੱਲ ਸਮਝਾਈ ਏ
ਦੱਸ ਇੱਟੇ ਬੁਰਜ਼ ਦੀਏ ਤੂੰ ਭਰੀ ਗਵਾਹੀ ਏ

ਲਾ ਕੇ ਕੱਲਗੀ, ਕਰਕੇ ਤਿਆਰ ਤੋਰੇ ਹੋਣੇ ਨੇਂ
ਕਿੰਝ ਰੋਕੇ ਹੰਝੂ, ਕਿੰਝ ਹੌਸਲੇ ਖੌਰੇ ਹੋਣੇ ਨੇਂ
ਧੰਨ ਦਾਦੀ,ਧੰਨ ਗੁਰੂ, ਧੰਨ ਸੰਤ ਸਿਪਾਹੀ ਏ
ਦੱਸ ਇੱਟੇ ਬੁਰਜ ਦੀਏ ਤੂੰ ਭਰੀ ਗਵਾਹੀ ਏ



ਦਿਲਪ੍ਰੀਤ ਗੁਰੀ

# ਸਿੱਧੇ ਬੰਦੇ ਦੀਆਂ ਸਿੱਧੀਆਂ ਗੱਲਾਂ, ਲੈਕੇ ਪੇਸ਼ ਹੋ ਰਿਹਾ ਹੈ ਬੌਬੀ ਲਧਾਣਾ ਉੱਚਾ ਵਾਲਾਂ




**ਬੰਗਾ (ਚਰਨਜੀਤ ਸੱਲ੍ਹਾ )** ਤੁਹਾਡੇ ਪਿਆਰ ਸਦਕਾ ਮੈਂ ਅੱਜ ਆਪਣੀ ਪਲੇਠੀ ਪੁਸਤਕ ਦੀ ਪਹਿਲੀ ਝਲਕ ਆਪ ਜੀ ਨਾਲ ਸਾਂਝੀ ਕਰ ਰਿਹਾ ਹਾਂ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗੁਰੂਆਂ, ਭਗਤਾਂ ਅਤੇ ਭੱਟ ਸਾਹਿਬਾਨਾਂ ਨੂੰ ਪੜ੍ਹਦਿਆਂ, ਵਿਚਾਰਦਿਆਂ ਜੋ ਵੀ ਮੇਰੀ ਸਮਝ ਦੇ ਦਾਇਰੇ ਵਿੱਚ ਆਇਆ ਹੈ, ਮੈਂ ਉਸ ਨੂੰ ਆਪਣੀ ਪੁਸਤਕ "ਸਿੱਧੇ ਬੰਦੇ ਦੀਆਂ ਸਿੱਧੀਆਂ ਗੱਲਾਂ" ਜ਼ਰੀਏ ਆਪ ਜੀ ਦੇ ਸਨਮੁੱਖ ਰੱਖ ਰਿਹਾ ਹਾਂ। ਮੈਂ ਕੋਸ਼ਿਸ਼ ਕੀਤੀ ਹੈ ਕਿ ਸਰਲ ਸ਼ਬਦਾਂ ਵਿੱਚ ਅਜੋਕੇ ਸਮੇਂ 'ਚ ਚੱਲ ਰਹੇ ਪਖੰਡਾਂ, ਉਲਝਣ-ਤਾਣੀਆਂ ਤੇ ਵਹਿਮਾਂ-ਭਰਮਾਂ ਤੋਂ ਪਰਦਾ ਚੁੱਕਿਆ ਜਾਵੇ ਅਤੇ ਅਜੋਕੀ ਪੀੜ੍ਹੀ ਦੇ ਦਰਪੇਸ਼ ਆ ਰਹੀਆਂ ਚੁਣੌਤੀਆਂ ਨੂੰ ਸਮਝਿਆ ਜਾਵੇ। ਕੁਝ ਹੀ ਦਿਨਾਂ ਤੱਕ ਇਹ ਕਿਤਾਬ ਤੁਹਾਡੇ ਸਭਨਾਂ ਦੇ ਹੱਥਾਂ ਵਿੱਚ ਹੋਵੇਗੀ। ਮੈਂ ਆਸ ਕਰਦਾ ਹਾਂ ਕਿ ਆਪ ਜੀ ਇਸ ਕਿਤਾਬ ਨੂੰ ਢੇਰ ਸਾਰਾ ਪਿਆਰ ਬਖਸ਼ੋਗੇ।

ਆਪ ਜੀ ਇਸ ਸਰਵਰਕ (ਕਵਰ) ਨੂੰ ਹੋਰਨਾਂ ਨਾਲ ਸਾਂਝਾ ਜ਼ਰੂਰ ਕਰਨਾ।

ਧੰਨਵਾਦ ਜੀਓ

ਬੌਬੀ ਰੱਲ੍ਹ ਲਧਾਣਾ ਉੱਚਾ

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ)

# ਪੈਟਾਵੇਲੈਂਟ ਟੀਕਾਕਰਨ ਮੁਹਿੰਮ 31 ਤਰੀਕ ਤੱਕ ਸਿਵਲ ਹਸਪਤਾਲ ਬੰਗਾ ਵਿਖੇ ਘਰ ਘਰ ਜਾ ਕੇ ਸਰਵੇ ਕੀਤਾ ਜਾਵੇਗਾ

**ਬੰਗਾ (ਚਰਨਜੀਤ ਸੱਲ੍ਹਾ )** ਡਾ ਜਸਪ੍ਰੀਤ ਕੌਰ ਸਿਵਲ ਸਰਜਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਡਾ ਜਸਵਿੰਦਰ ਸਿੰਘ ਐਸ ਐਮ ਓ ਸਿਵਲ ਹਸਪਤਾਲ ਬੰਗਾ ਜੀ ਦੀ ਰਹਿਨੁਮਾਈ ਹੇਠ 23 ਤਰੀਕ ਤੋਂ 31-12-2024 ਤੱਕ ਵਿਸ਼ਵ ਪੇਟਾਵੇਲੈਂਟ ਟੀਕਾਕਰਨ ਮੁਹਿੰਮ ਤਹਿਤ ਮਾਈਗ੍ਰੇਨ ਏਰੀਆ ਵਿੱਚ ਜਾ ਕੇ ਸਰਵੇ ਕੀਤਾ ਜਾਵੇਗਾ ਅਤੇ ਟੀਕਾਕਰਨ ਕੀਤਾ ਗਿਆ ਹੈ ਅਤੇ ਜਾਵੇਗਾ ਇਸ ਵਿੱਚ ਗੁਰਦੀਪ ਕੌਰ ਏ ਐਨ ਐਮ, ਜਗਜੀਤ ਕੌਰ, ਗੁਰਬਖਸ਼ ਕੌਰ ਆਸ਼ਾ ਸ਼ਾਮਲ ਸਨ।




# ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪਾਰਲੀਮੈਂਟ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਸਬੰਧੀ ਅਪਮਾਨਤ ਜਨਕ ਸ਼ਬਦਾਵਲੀ ਬੋਲਣ ਵਿਰੁੱਧ ਬਸਪਾ ( ਜ਼ਿਲ੍ਹਾ ਮੋਗਾ) ਨੇ ਡਿਪਟੀ ਕਮਿਸ਼ਨਰ ਮੋਗਾ ਨੂੰ ਦਿੱਤਾ ਮੈਮੋਰੰਡਮ

**ਮੋਗਾ (ਚਰਨਜੀਤ ਸੱਲ੍ਹਾ)** ਪਿਛਲੇ ਦਿਨੀਂ ਦੇਸ਼ ਦੇ ਗ੍ਰਹਿ ਮੰਤਰੀ ਅਤੇ ਭਾਜਪਾ ਆਗੂ ਸ੍ਰੀ ਅਮਿਤ ਸ਼ਾਹ ਵੱਲੋਂ ਪਾਰਲੀਮੈਂਟ ਵਿੱਚ ਬੋਲਦਿਆਂ ਭਾਰਤੀ ਸੰਵਿਧਾਨ ਦੇ ਮੂਲ ਨਿਰਮਾਤਾ , ਕਰੋੜਾਂ ਲੋਕਾਂ ਦੇ ਮਸੀਹਾ ਅਤੇ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਸਬੰਧੀ ਅਪਮਾਨਤ ਜਨਕ ਸ਼ਬਦਾਵਲੀ ਦੀ ਵਰਤੋਂ ਕੀਤੀ ਸੀ ! ਜਿਸ ਨਾਲ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਕਰੋੜਾਂ ਅਨੁਆਈ ਦੇ ਮਨਾਂ ਨੂੰ ਠੇਸ ਪਹੁੰਚੀ ਸੀ , ਅਤੇ ਇਸ ਕਰਕੇ ਦੇਸ਼ ਦੇ ਬਹੁਜਨ ਸਮਾਜ ਵਿੱਚ ਭਾਰੀ ਰੋਹ ਪੈਦਾ ਹੋ ਗਿਆ ਹੈ ! ਇਸ ਸਬੰਧੀ ਸਖ਼ਤ ਨੋਟਿਸ ਲੈਂਦਿਆਂ ਹੋਇਆਂ ਬਹੁਜਨ ਸਮਾਜ ਪਾਰਟੀ ਦੇ ਕੌਮੀ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਭੈਣ ਕੁਮਾਰੀ ਮਾਇਆਵਤੀ ਜਿਥੇ ਅਮਿਤ ਸ਼ਾਹ ਅਤੇ ਭਾਜਪਾ ਨੂੰ ਆੜੇ ਹੱਥੀਂ ਲੈਂਦਿਆਂ ਸਖ਼ਤ ਵਿਰੋਧ ਕੀਤਾ ਅਤੇ ਇਸ ਖਿਲਾਫ਼ 24 ਦਸੰਬਰ ਨੂੰ ਦੇਸ਼ ਵਿਆਪੀ



ਰੋਸ਼ ਪ੍ਰਦਰਸ਼ਨ ਅਤੇ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਭਾਰਤ ਦੇ ਰਾਸ਼ਟਰਪਤੀ ਦੇ ਨਾਂਅ ਮੈਮੋਰੰਡਮ ਦੇਣ ਦਾ ਫੈਸਲਾ ਕੀਤਾ ਗਿਆ ਹੈ ! ਇਸੇ ਕੜੀ ਤਹਿਤ ਅੱਜ ਇਥੇ ਮੋਗਾ ਵਿਖੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਮੋਗਾ ਵੱਲੋਂ ਮੈਮੋਰੰਡਮ ਦਿੱਤਾ ਗਿਆ ! ਇਸ ਮੌਕੇ ਬਸਪਾ ਆਗੂਆਂ ਅਤੇ ਵਰਕਰਾਂ ਸਮਰੱਥਕਾਂ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਅਮਰ ਰਹੇ ਅਮਰ ਰਹੇ ਅਜ ਤੱਕ ਸੂਰਜ ਚੰਦ ਰਹੇਗਾ ! ਬਾਬਾ ਸਾਹਿਬ ਤੇਰਾਂ ਨਾਂਮ ਰਹੇਗਾ !! ਅਮਿਤ ਸ਼ਾਹ ਮਾਫ਼ੀ ਮੰਗੋ , ਅਮਿਤ ਸ਼ਾਹ ਅਸਤੀਫਾ ਦਿਓ ! ਅਤੇ ਅਮਿਤ ਸ਼ਾਹ ਮੁਰਦਾਬਾਦ ਮੁਰਦਾਬਾਦ ਦੇ ਰੋਹ ਭਰਪੂਰ ਨਾਅਰੇਬਾਜ਼ੀ ਕੀਤੀ ! ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤ ਰਾਮ ਮੱਲੀਆਂ ਸੂਬਾ ਸਕੱਤਰ ਬਸਪਾ ਪੰਜਾਬ , ਬਲਵਿੰਦਰ ਸਿੰਘ ਅਟਵਾਲ ਜ਼ਿਲ੍ਹਾ ਇੰਚਾਰਜ ਬਸਪਾ ਮੋਗਾ, ਜਗਤਾਰ ਸਿੰਘ ਚੜਿੱਕ ਜ਼ਿਲ੍ਹਾ ਪ੍ਰਧਾਨ ਬਸਪਾ ਜ਼ਿਲ੍ਹਾ ਮੋਗਾ , ਹਰਦੇਵ ਸਿੰਘ ਤਖਾਣ ਵੱਧ.ਸੀਨੀਅਰ ਆਗੂ ਬਸਪਾ , ਕੇਵਲ ਸਿੰਘ ਸੈਦੋਕੇ ਇੰਚਾਰਜ ਬਸਪਾ ਜ਼ਿਲ੍ਹਾ ਮੋਗਾ , ਲਖਵੀਰ ਸਿੰਘ ਬੁੱਧ ਸਿੰਘ ਵਾਲਾ ਸਾਬਕਾ ਮੀਤ ਪ੍ਰਧਾਨ ਬਸਪਾ ਜ਼ਿਲ੍ਹਾ ਮੋਗਾ , ਵਾਰਿਸ ਮਸੀਹ ਡਰੋਲੀ ਭਾਈ ਮੀਤ ਪ੍ਰਧਾਨ ਬਸਪਾ ਜ਼ਿਲ੍ਹਾ ਮੋਗਾ,ਜਸਵੰਤ ਸਿੰਘ ਘਾਲੀ ਮੀਡੀਆ ਇੰਚਾਰਜ ਬਸਪਾ ਜ਼ਿਲ੍ਹਾ ਮੋਗਾ, ਨਾਇਬ ਸਿੰਘ ਗਿੱਲ ਸਕੱਤਰ ਬਸਪਾ ਜ਼ਿਲ੍ਹਾ ਮੋਗਾ , ਬਿੱਕਰ ਸਿੰਘ ਬੱਧਣੀ ਕਲਾਂ ਸਕੱਤਰ ਬਸਪਾ ਜ਼ਿਲ੍ਹਾ ਮੋਗਾ , ਬਲਵਿੰਦਰ ਸਿੰਘ ਬੱਬੂ ਸਕੱਤਰ ਬਸਪਾ ਜ਼ਿਲ੍ਹਾ ਮੋਗਾ, ਪ੍ਰੀਤਮ ਸਿੰਘ ਬੀ ਏ ਬਾਘਾ ਪੁਰਾਣਾ ਸੀਨੀਅਰ ਆਗੂ ਬਸਪਾ ਜ਼ਿਲ੍ਹਾ ਮੋਗਾ, ਸੰਪੂਰਨ ਸਿੰਘ ਪੱਤੋਂ ਸੀਨੀਅਰ ਆਗੂ ਬਸਪਾ , ਭਾਗ ਸਿੰਘ ਮਾਣੂੰਕੇ ਸੀਨੀਅਰ ਆਗੂ ਬਸਪਾ ਨਿਹਾਲ ਸਿੰਘ ਵਾਲਾ , ਕੁਲਦੀਪ ਸਿੰਘ ਧੂੜਕੋਟ ਰਣਸੀਂਹ ਆਗੂ ਬਸਪਾ, ਗੁਰਮੇਲ ਸਿੰਘ ਨਿਹਾਲ ਸਿੰਘ ਵਾਲਾ , ਜ਼ੋਰਾਂ ਸਿੰਘ ਭੰਗਾ, ਰੂਪ ਸਿੰਘ ਰਣਸੀਂਹ ਕਲਾਂ , ਸ਼ਿਗਾਰਾ ਸਿੰਘ ਰਣਸੀਂਹ ਕਲਾਂ , ਸਰਬਨ ਸਿੰਘ ਕਾਲੇ ਕੇ , ਨੀਲਾ ਸਿੰਘ ਬਾਘਾਪੁਰਾਣਾ , ਬਲਵੀਰ ਸਿੰਘ ਬਾਘਾਪੁਰਾਣਾ, ਮੰਦਰ ਸਿੰਘ ਮਾੜੀ , ਕਰਨੈਲ ਸਿੰਘ ਕਾਲੇ ਕੇ , ਜਗਜੀਤ ਸਿੰਘ ਕੋਟਲਾ , ਹਰਪਾਲ ਸਿੰਘ ਮਾਛੀਕੇ, ਮਿ : ਗੁਰਚਰਨ ਸਿੰਘ ਘਾਲੀ , ਜਗਸੀਰ ਸਿੰਘ ਚੜਿੱਕ , ਆਦਿ ਹਿੱਸਾ ਲਿਆ !!

**ਰਿਪੋਰਟ ---::::**
**ਜਸਵੰਤ ਸਿੰਘ ਘਾਲੀ**
**ਮੀਡੀਆ ਇੰਚਾਰਜ ਬਸਪਾ ਜ਼ਿਲ੍ਹਾ ਮੋਗਾ !!**

# ਕਾਂਗਰਸ ਭਾਜਪਾ ਮਨੂਵਾਦੀ ਪਾਰਟੀਆਂ ਬਾਬਾ ਸਾਹਿਬ ਦਾ ਨਾਂ ਵੋਟਾਂ ਬਟੋਰਨ ਲਈ ਕਰਦੀਆ ਹਨ - ਐਡਵੋਕੇਟ ਅਵਤਾਰ ਕ੍ਰਿਸ਼ਨ

**ਕੋਟਕਪੂਰਾ (ਚਰਨਜੀਤ ਸੱਲ੍ਹਾ )** ਨਾ ਕਾਂਗਰਸ ਅਤੇ ਨਾ ਭਾਜਪਾ ਬਾਬਾ ਸਾਹਿਬ ਦੀ ਵਿਰਾਸਤ ਬਰਕਰਾਰ ਰੱਖਣ ਲਈ ਵਚਨ ਬੱਧ ਹੈ। ਸੱਭ ਮਨੂਵਾਦੀ ਪਾਰਟੀਆਂ ਡਾਕਟਰ ਅੰਬੇਡਕਰ ਦਾ ਨਾਮ ਵਰਤ ਕੇ ਵੋਟਾਂ ਬਟੋਰਨ ਦੀ ਰਾਜਨੀਤੀ ਕਰਦੀਆਂ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਆਗੂ ਐਡਵੋਕੇਟ ਅਵਤਾਰ ਕ੍ਰਿਸ਼ਨ ਨੇ ਬਸਪਾ ਅਤੇ ਸਹਿਯੋਗੀ ਧਿਰਾਂ ਵੱਲੋਂ ਕੀਤੇ ਗਏ ਰੋਸ ਪ੍ਰਦਰਸ਼ਨ ਸਮੇਂ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਕਹੇ। ਉਹ ਪਾਰਟੀਆਂ ਡਾਕਟਰ ਭੀਮ ਰਾਓ ਅੰਬੇਡਕਰ ਦੀ ਸਿਰਫ ਤਸਵੀਰ ਲਾਕੇ ਬਹੁਜਨ ਸਮਾਜ ਨੂੰ ਗੁੰਮਰਾਹ ਕਰਨ ਦੇ ਯਤਨ ਕਰਦੀਆਂ ਹਨ। ਨਾ ਉਹਨਾਂ ਦੇ ਮਨਾਂ ਵਿਚ ਬਾਬਾ ਸਾਹਿਬ ਦੇ ਆਦਰਸ਼ਾਂ ਦਾ ਸਨਮਾਨ ਹੈ ਅਤੇ ਹੀ ਉਹ ਬਾਬਾ ਸਾਹਿਬ ਦੀ ਵਿਚਾਰਧਾਰਾ ਲਾਗੂ ਕਰਨ ਲਈ ਯਤਨਸ਼ੀਲ ਹਨ। ਇਸ ਦੇ ਉਲਟ ਮਨੂਵਾਦੀ ਪਾਰਟੀਆਂ ਦੇ ਆਗੂ ਬਾਬਾ ਸਾਹਿਬ ਪ੍ਰਤੀ ਆਪਣੇ ਮਨਾਂ ਵਿਚ ਪਨਪਦੀ ਜ਼ਹਿਰ ਗਾਹੇ ਬ ਗਾਹੇ ਉਗਲਦੇ ਰਹਿੰਦੇ ਹਨ। ਕਾਂਗਰਸ ਵਲੋਂ ਬਾਬਾ ਸਾਹਿਬ ਦੀ ਜਿਉਂਦਿਆਂ ਜੀਅ ਸ਼ਵ ਯਾਤਰਾ ਕੱਢੀ ਗਈ ਤੇ ਹੁਣ ਸੰਸਦ ਦੇ ਸਰਦ ਕਾਲੀਨ ਸੈਸ਼ਨ ਦੌਰਾਨ 17 ਦਸੰਬਰ ਨੂੰ ਰਾਜ ਸਭਾ ਵਿਚ ਸੰਵਿਧਾਨ ਤੇ ਬਹਿਸ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਆਗੂ ਭਾਰਤ ਦੇ



ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਅੰਬੇਡਕਰ ਅੰਬੇਡਕਰ ਕਹਿਣਾ ਫੈਸ਼ਨ ਬਣ ਗਿਆ। ਉਹਨਾਂ ਨੇ ਮੂੰਹ ਟੇਡਾ ਵਿੰਗਾ ਕਰਕੇ ਕਿਹਾ ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ ਦੇ ਐਨੀ ਵਾਰ ਭਗਵਾਨ ਦਾ ਨਾਂ ਲਿਆ ਜਾਂਦਾ ਤਾਂ ਸੱਤ ਜਨਮਾਂ ਤੱਕ ਸਵਰਗ ਮਿਲ ਜਾਂਦਾ। ਗ੍ਰਹਿ ਮੰਤਰੀ ਅਜਿਹਾ ਮੰਦੀ ਭਾਵਨਾ ਅਤੇ ਭੱਦੀ ਟਿਪਣੀ ਨਾਲ ਬਾਬਾ ਸਾਹਿਬ ਦੇ ਕਰੋੜਾਂ ਪੈਰੋਕਾਰਾਂ ਦੇ ਹਿਰਦੇ ਵਲੂੰਧਰੇ ਗਏ ਅਤੇ ਉਹਨਾਂ ਦੇ ਮਨਾਂ ਨੂੰ ਭਾਰੀ ਠੇਸ ਲੱਗੀ ਹੈ। ਜਿਸ ਕਾਰਨ ਬਹੁਜਨ ਸਮਾਜ ਪਾਰਟੀ ਸਮੇਤ ਬਾਬਾ ਸਾਹਿਬ ਦੇ ਪੈਰੋਕਾਰ ਪੂਰੇ ਭਾਰਤ ਵਿਚ ਅੱਜ ਸੜਕਾਂ ਤੇ ਉਤਰੇ ਹਨ। ਦੇਸ਼ ਦੀ ਬਦ ਕਿਸਮਤੀ ਹੈ ਕਿ ਇਕ ਤੜੀਪਾਰ ਦੇਸ਼ ਦੇ ਗ੍ਰਹਿ ਮੰਤਰੀ ਦੇ ਅਹੁਦੇ ਤੇ ਬਿਰਾਜਮਾਨ ਹੈ। ਜੋ ਸੰਵਿਧਾਨ ਅਤੇ ਸੰਵਿਧਾਨ ਰਚੇਤਾ ਦਾ ਮਜ਼ਾਕ ਉਡਾ ਰਿਹਾ ਹੈ।

ਐਡਵੋਕੇਟ ਅਵਤਾਰ ਕ੍ਰਿਸ਼ਨ ਨੇ ਕਿਹਾ ਕਿ ਬਹੁਜਨ ਸਮਾਜ ਦੇ ਇਕ ਮਾਤਰ ਮਸੀਹਾ ਬਾਬਾ ਸਾਹਿਬ ਅੰਬੇਡਕਰ ਹਨ ਜਿਨ੍ਹਾਂ ਦੇ ਸੰਘਰਸ਼ ਸਦਕਾ ਉਹ ਮਾਨਵੀ ਜ਼ਿੰਦਗੀ ਜਿਉਣ ਦੇ ਸਮਰਥ ਬਣੇ ਹਨ। ਉਹ ਕਿਸੇ ਕੀਮਤ ਤੇ ਆਪਣੇ ਰਹਿਬਰਾਂ ਦਾ ਅਪਮਾਨ ਸਹਿਣ ਨਹੀਂ ਕਰਨਗੇ। ਬਸਪਾ ਸੁਪ੍ਰੀਮੋ ਭੈਣ ਕੁਮਾਰੀ ਮਾਇਆਵਤੀ ਦੇ ਸੱਦੇ ਤੇ ਬਾਬਾ ਸਾਹਿਬ ਦੇ ਪੈਰੋਕਾਰ ਸੜਕਾਂ ਤੇ ਉਤਰੇ ਕੇ ਅੱਜ ਦੇ ਰੋਸ ਪ੍ਰਦਰਸ਼ਨ ਰਾਹੀਂ ਆਪਣੇ ਗੁੱਸੇ ਦਾ ਇਜ਼ਹਾਰ ਕਰਦਿਆਂ ਭਾਰਤ ਦੀ ਮਾਣਯੋਗ ਰਾਸ਼ਟਰਪਤੀ ਨੂੰ ਜ਼ਿਲ੍ਹਾ ਪੱਧਰੀ ਤੇ ਡਿਪਟੀ ਕਮਿਸ਼ਨਰਾਂ ਰਾਹੀਂ ਮੈਮੋਰੰਡਮ ਦੇਕੇ ਅਮਿਤ ਸ਼ਾਹ ਵਿਰੁੱਧ ਠੋਸ ਕਾਰਵਾਈ ਅਮਲ 'ਚ ਲਿਆਉਣ ਦੀ ਅਪੀਲ ਕੀਤੀ ਗਈ ਹੈ। ਬਾਬਾ ਸਾਹਿਬ ਨੇ ਨਾ ਸਿਰਫ਼ ਸੰਵਿਧਾਨ ਦੀ ਰਚਨਾ ਕਰਕੇ ਕਰੋੜਾਂ ਅਛੂਤਾਂ ਤੇ ਸਮੂਹ ਔਰਤਾਂ ਨੂੰ ਹੀ ਮਾਨਵੀ ਅਧਿਕਾਰ ਦਿਵਾਏ ਸਨ ਬਲਕਿ ਉਹਨਾਂ ਨੇ ਭਾਰਤ ਦੇਸ਼ ਦੇ ਆਰਥਿਕ ਵਿਕਾਸ ਨੂੰ ਆਧੁਨਿਕ ਲੀਹਾਂ ਤੇ ਲਿਆਉਣ ਲਈ ਵੀ ਵਡਮੁੱਲਾ ਯੋਗਦਾਨ ਪਾਇਆ। ਰਿਜ਼ਰਵ ਬੈਂਕ ਆਫ ਇੰਡੀਆ ਉਹਨਾਂ ਦੇ ਥੀਸਸ "ਪ੍ਰੌਬਲਮ ਆਫ ਰੂਪੀ" ਦੀ ਬਦੌਲਤ ਹੋਂਦ ਵਿਚ ਆਇਆ। ਉਹ ਆਧੁਨਿਕ ਉਹ ਪੂਰੀ ਦੁਨੀਆ ਵਿੱਚ ਗਿਆਨ ਦੇ ਪ੍ਰਤੀਕ ਅਤੇ ਆਧੁਨਿਕ ਭਾਰਤ ਦੇ ਸ਼ਿਲਪਕਾਰ ਮੰਨੇ ਜਾਂਦੇ ਹਨ। ਭਾਰਤ ਦੇ ਉਘੇ ਆਰਥਿਕ ਮਾਹਰ ਨੋਬਲ ਪੁਰਸਕਾਰ ਜੇਤੂ ਸ੍ਰੀ ਅੰਮ੍ਰਿਤਿਯ ਸੇਨ ਉਹਨਾਂ ਨੂੰ ਆਪਣਾ ਗੁਰੂ ਮੰਨਦੇ ਹਨ। ਇਸ ਲਈ ਸਾਰੀਆਂ ਮਾਨਵਵਾਦੀ ਧਿਰਾਂ ਨੂੰ ਬਾਬਾ ਸਾਹਿਬ ਪ੍ਰਤੀ ਅਪਮਾਨਜਨਕ ਮਾੜੀ ਸ਼ਬਦਾਵਲੀ ਦਾ ਵਿਰੋਧ ਕਰਨਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਬਖਸ਼ ਸਿੰਘ ਚੌਹਾਨ ਲੋਕ ਸਭਾ ਇੰਚਾਰਜ, ਸ ਬਲਵੀਰ ਸਿੰਘ ਬਾਹੀਆ ਜ਼ਿਲ੍ਹਾ ਪ੍ਰਧਾਨ ਬਸਪਾ ਫਰੀਦਕੋਟ, ਗੁਰਜੰਟ ਸਿੰਘ ਉਪ ਪ੍ਰਧਾਨ ਜਿਲਾ ਫਰੀਦਕੋਟ, ਬਸੰਤ ਕੁਮਾਰ ਪਰਜਾਪਤ ਜਨਰਲ ਸਕੱਤਰ ਜਿਲਾ ਫਰੀਦਕੋਟ, ਗੁਰਪ੍ਰੀਤ ਸਿੰਘ ਬਾਜਾਖਾਨਾ ਹਲਕਾ ਪ੍ਰਧਾਨ ਜੈਤੋ, ਬੀਬਾ ਮਨਦੀਪ ਮਨੀ, ਚਰਨਜੀਤ ਕੁਮਾਰ , ਤਰਸੇਮ ਸਿੰਘ, ਸ ਗੋਬਿੰਦ ਸਿੰਘ ਪੀਪਲੀ, ਸੂਬੇਦਾਰ ਦਰਸ਼ਨ ਸਿੰਘ, ਸ ਗੁਰਟੇਕ ਸਿੰਘ, ਬਘੇਲ ਸਿੰਘ ਪੀਪਲੀ, ਰਾਕੇਸ਼ ਕੁਮਾਰ ਅਤੇ ਹੋਰ ਬਸਪਾ ਆਗੂ ਹਾਜ਼ਰ ਸਨ।

# ਸਾਡਾ ਰੱਬ ਹੈ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ: ਡਾ. ਨਛੱਤਰ ਪਾਲ ਐਮ ਐਲ ਏ

## ਨਵਾਂਸ਼ਹਿਰ ਦੀਆਂ ਸੜਕਾਂ ਤੇ ਅੱਜ ਹਾਥੀ ਵਾਲੇ ਨੀਲੇ ਝੰਡੇ ਚੁੱਕੀ ਵਰਕਰ ਹੀ ਵਰਕਰ ਨਜ਼ਰ ਆ ਰਹੇ ਸਨ

**ਨਵਾਂਸ਼ਹਿਰ( ਚਰਨਜੀਤ ਸੱਲ੍ਹਾ )** ਅੱਜ ਸ਼ਹੀਦ ਭਗਤ ਸਿੰਘ ਨਗਰ ਦੇ ਬਸਪਾ ਵਰਕਰ ਸੜਕਾਂ ਤੇ ਦਿੱਸੇ ਉਨ੍ਹਾਂ ਨੂੰ ਸੰਬੋਧਨ ਕਰਦਿਆਂ ਡਾ ਨਛੱਤਰ ਪਾਲ ਐਮ ਐਲ ਏ ਹਲਕਾ ਨਵਾਂਸ਼ਹਿਰ ਇੰਚਾਰਜ ਪੰਜਾਬ ਨੇ ਕਿਹਾ ਕਿ ਗ੍ਰਹਿ ਮੰਤਰੀ ਅੰਮ੍ਰਿਤ ਸ਼ਾਹ ਨੇ ਕਿਹਾ ਅੰਬੇਡਕਰ ਅੰਬੇਡਕਰ ਤੁਸੀਂ ਕਰੀਂ ਜਾਂਦੇ ਹੋ ਜੇਕਰ ਭਗਵਾਨ ਦਾ ਨਾਂ ਲੈਂਦੇ ਤਾਂ ਸਵਰਗ ਮਿਲ ਜਾਣਾ ਸੀ। ਉਸ ਨਾਲ ਬਹੁਜਨ ਸਮਾਜ ਦੇ ਮੰਨ ਤੇ ਬਹੁਤ ਜ਼ਿਆਦਾ ਠੇਸ ਲੱਗੀ ਹੈ ਉਸ ਨੂੰ ਸ਼ਾਇਦ ਪਤਾ ਨਹੀਂ ਸਾਡਾ ਤਾਂ ਰੱਬ ਹੀ,ਸਾਡਾ ਤਾਂ ਭਗਵਾਨ ਹੀ ਬਾਬਾ ਸਾਹਿਬ ਡਾ ਬੀ ਆਰ ਅੰਬੇਡਕਰ ਜੀ ਹਨ ਅੱਜ ਉਸ ਦੀ ਬਦੌਲਤ ਹੀ ਅਸੀਂ ਹਾਂ ਅਤੇ ਸਾਡਾ ਸਮਾਜ ਪੰਚ ਸਰਪੰਚ ਤੋਂ ਲੈਕੇ ਐਮ ਐਲ ਏ, ਮੰਤਰੀ , ਮੁੱਖ ਮੰਤਰੀ, ਰਾਸ਼ਟਰਪਤੀ , ਪ੍ਰਧਾਨ ਮੰਤਰੀ ਬਣੇ ਹਾਂ ਇਸ ਲਈ ਅੰਮ੍ਰਿਤ ਸ਼ਾਹ ਜੀ ਨੂੰ ਮਾਫ਼ੀ ਮੰਗਣੀ ਚਾਹੀਦੀ ਹੈ। ਕਾਂਗਰਸ ਪਾਰਟੀ ਨੂੰ ਵੀ ਲੰਮੇ ਹੱਥੀਂ ਲੈਂਦਿਆਂ ਉਨ੍ਹਾਂ ਕਿਹਾ ਜੇਕਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਆ ਕੇ ਸਾਨੂੰ ਜਾਂ ਬਹੁਜਨ ਸਮਾਜ ਨੂੰ ਆਕੇ ਨਾਂ ਦੱਸਦੇ ਕਿ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੂੰ ਦੁਬਾਰਾ ਜ਼ਿੰਦਾ ਕੀਤਾ ਹੈਂ ਨਹੀਂ ਤਾਂ ਕਾਂਗਰਸ ਪਾਰਟੀ ਨੇ ਬਾਬਾ ਸਾਹਿਬ ਦਾ ਨਾਮ ਹੀ ਖਤਮ ਕਰ ਦਿੱਤਾ ਸੀ



ਬਾਬਾ ਸਾਹਿਬ ਜੀ ਦਾ ਇਤਿਹਾਸ ਪੜ੍ਹ ਕੇ ਦੇਖ ਲਓ ਕਿ ਕੀ ਕੀ ਨਹੀਂ ਕੀਤਾ ਬਾਬਾ ਸਾਹਿਬ ਨੂੰ ਬਦਨਾਮ ਕਰਨ ਲਈ, ਵਰਕਰਾਂ ਦਾ ਢਾਠਾ ਮਾਰਦਾ ਇਕੱਠ ਸੀ ਅਤੇ ਉਹ ਪੂਰੇ ਜੋਸ਼ ਵਿੱਚ ਨਾਅਰੇ ਲਾ ਰਹੇ ਸਨ।,ਐਮ ਐਲ ਏ ਡਾ.ਨਛੱਤਰ ਪਾਲ ਬਸਪਾ ਇੰਚਾਰਜ ਪੰਜਾਬ,ਪ੍ਰਵੀਨ ਬੰਗਾ ਜਨਰਲ ਸਕਤਰ ਬਸਪਾ ਪੰਜਾਬ,ਸਰਬਜੀਤ ਜਾਫਰਪੁਰ ਜਿਲਾ ਪ੍ਰਧਾਨ,ਦਿਲਬਾਗ ਮਹਿੰਦੀਪੁਰ,ਰਸ਼ਪਾਲ ਮਹਾਲੋਂਂਛ ਗੁਰਮੁੱਖ ਨੌਰਥ,ਗਿਆਨ ਚੰਦ ਦਫਤਰ ਇੰਚਾਰਜ,ਵਕੀਲ ਰਾਜਕੁਮਾਰ,ਵਕੀਲ ਮੁਕੇਸ਼ ਬਾਲੀ ਡਾਕਟਰ ਮਹਿੰਦਰ ਪਾਲ, ਬਲਵਿੰਦਰ ਭੰਗਲ,ਹਰਬਲਾਸ ਬਸਰਾ, ਸਰਵਣ ਰਾਮ,ਮਨੋਹਰ ਕਮਾਮ,ਮੇਜਰ ਸਿੰਘ ਘਟਾਰੋ,ਚਮਨ ਲਾਲ ਸ਼ਧੌ, ਮਾਸਟਰ ਪ੍ਰੇਮ ਰਤਨ,ਧਰਮ ਪਾਲ ਸ਼ਧੌ, ਕਸ਼ਮੀਰ ਸਿੰਘ,ਸੁਰਜੀਤ ਸਿੰਘ ਕਰੀਹਾ, ਹਰਮੇਸ਼ ਨੌਰਦ, ਗੁਰਨਾਮ ਪੂਨੂੰ ਮਜਾਰਾ, ਰੁਪਲਾਲ ਧੀਰ,ਸੋਮ ਨਾਥ,ਬਲਦੇਵ ਮਾਹੀ,ਜਸਵੀਰ ਔਲੀਆਪੁਰਂਛ ਪੰਮਾ, ਦਵਿੰਦਰ ਹਰਮੇਸ਼ ਵਿਰਦੀ,ਰਵਿੰਦਰ ਮਹਿਮੀ,ਪ੍ਰਦੀਪ ਜਸੀ,ਸੋਹਣ ਲਾਲ ਢੇਗੰੜਪੁਰੀ,ਐਸ ਐਸ ਅਜਾਦ,ਅਮਰੀਕ ਬੰਗਾਂ,ਰਾਕੇਸ਼ ਗੜੀ,ਸੋਨੂੰ ਲੱਧੜ,ਬਿਸ਼ਨ ਲਾਲ,ਧਰਮਪਾਲ ਮਾਸਟਰ,ਚਰਨਜੀਤ ਮੰਢਾਲੀ,ਸਤਪਾਲ ਔੜ,ਸੁਰਿੰਦਰ ਪਾਲ, ਜਸਵਿੰਦਰ ਸਿੰਘ,ਜਸਵੰਤ ਕਟਾਰੀਆਂ, ਮਲਕੀਤ ਮੰਢਾਲੀ,ਕੁਲਦੀਪ ਬਹਿਰਾਮ, ਚਰਨਜੀਤ ਸੱਲ੍ਹ ਨੰਬਰਦਾਰ,ਹਰਬੰਸ ਲਾਲ,ਦਰਸ਼ਨ ਪਲੀਆਂ,ਪੁਸ਼ੋਤਮ ਪਲੀਆਂ,ਮੁਖਤਿਆਰ,ਹਰਬੰਸ ਕਰੀਹਾ,ਅਤੇ ਹੋਰ ਸਾਥੀ ਵੀ ਹਾਜਰ ਸਨ।

# ਸੰਯੁਕਤ ਕਿਸਾਨ ਮੋਰਚੇ ਵਲੋਂ ਡੀ ਸੀ ਦਫਤਰ ਵਿਖੇ ਧਰਨਾ ਪ੍ਰਦਰਸ਼ਨ ਕੀਤਾ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਐਸ.ਕੇ.ਐਮ. ਹੁਸ਼ਿਆਰਪੁਰ ਦੀਆਂ 11 ਜਥੇਬੰਦੀਆਂ ਨੇ ਵੱਡੀ ਗਿਣਤੀ ਵਿੱਚ ਡੀ.ਸੀ. ਦਫ਼ਤਰ ਹੁਸ਼ਿਆਰਪੁਰ ਧਰਨਾ ਮਾਰਿਆ। ਧਰਨੇ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਰਜਿੰਦਰ ਸਿੰਘ ਆਜ਼ਾਦ ਅਤੇ ਸ਼ਿੰਗਾਰਾ ਸਿੰਘ ਮਕੀਮਪੁਰ, ਕਿਰਤੀ ਕਿਸਾਨ ਯੂਨੀਅਨ ਵੱਲੋਂ ਜਗਤਾਰ ਸਿੰਘ ਭਿੰਡਰ ਅਤੇ ਭੁਪਿੰਦਰ ਭੂੰਗਾ, ਜ਼ਮਹੂਰੀ ਕਿਸਾਨ ਸਭਾ ਵੱਲੋਂ ਦਵਿੰਦਰ ਸਿੰਘ ਕੱਕੋਂ ਅਤੇ ਸਵਰਨ ਸਿੰਘ ਮੁਕੇਰੀਆਂ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਦਰਸ਼ਨ ਸਿੰਘ ਮੱਟੂ ਅਤੇ ਆਸ਼ਾ ਨੰਦ, ਪੰਜਾਬ ਕਿਸਾਨ ਯੂਨੀਅਨ ਵੱਲੋਂ ਚਰਨਜੀਤ ਸਿੰਘ ਭਿੰਡਰ, ਮਾਝਾ ਕਿਸਾਨ ਸੰਘਰਸ਼ ਕਮੇਟੀ ਵੱਲੋਂ ਰੌਸ਼ਨ ਖਾਨ, ਬਲਜੀਤ ਸਿੰਘ, ਭਾਰਤ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਪਵਿੱਤਰ ਧੁੱਗਾ ਅਤੇ ਸਤਪਾਲ ਡਡਿਆਣਾ, ਦੁਆਬਾ ਕਿਸਾਨ ਕਮੇਟੀ ਵੱਲੋਂ ਸਤਪਾਲ ਮਿਰਜ਼ਾਪੁਰ ਅਤੇ ਪਰਮਿੰਦਰ ਸਿੰਘ ਸਮਰਾ, ਕਿਸਾਨ ਕਮੇਟੀ ਦੁਆਬਾ ਵੱਲੋਂ ਬਲਵਿੰਦਰ ਸਿੰਘ ਸੋਢੀ ਅਤੇ ਸੁਖਦੇਵ ਸਿੰਘ ਕਾਹਰੀ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਕੁਲਦੀਪ ਸਿੰਘ ਬੇਗੋਵਾਲ, ਕੁੱਲ



ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਗੁਰਮੇਸ਼ ਸਿੰਘ, ਜਨਵਾਦੀ ਇਸਤਰੀ ਸਭਾ ਵੱਲੋਂ ਸੁਭਾਸ਼ ਮੱਟੂ, ਜ਼ਮਹੂਰੀ ਅਧਿਕਾਰ ਸਭਾ ਵੱਲੋਂ ਡਾ. ਤੇਜਪਾਲ ਆਦਿ ਨੇ ਅਗਵਾਈ ਕੀਤੀ। ਧਰਨੇ ਵਿੱਚ ਬੁਲਾਰਿਆਂ ਨੇ ਸ਼ੰਭੂ ਅਤੇ ਖਨੌੜੀ ਬਾਰਡਰ ਤੇ ਜੋ ਅੰਦੋਲਨ ਚੱਲ ਰਿਹਾ ਹੈ ਉਸ ਦੀ ਹਮਾਇਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਦਸੰਬਰ 2021 ਵਿੱਚ ਮੰਨੀਆਂ ਹੋਈਆਂ ਸਾਰੀਆਂ ਮੰਗਾਂ ਮੰਨ ਕੇ ਜਗਜੀਤ ਸਿੰਘ ਢੱਲੇਵਾਲ ਦਾ ਮਰਨਵਰਤ ਖਤਮ ਕਰਾਉਣਾ ਚਾਹੀਦਾ ਹੈ। ਜੇਕਰ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਸ ਦੀ ਸਾਰੀ ਦੀ ਸਾਰੀ ਜ਼ਿੰਮੇਵਾਰੀ ਕੇਂਦਰ ਅਤੇ ਪੰਜਾਬ ਸਰਕਾਰ ਦੀ ਹੋਵੇਗੀ। ਬੁਲਾਰਿਆਂ ਨੇ ਐਮ.ਐਸ.ਪੀ. ਤੇ ਫ਼ਸਲਾਂ ਦੀ ਖਰੀਦ ਦਾ ਗਰੰਟੀ ਕਾਨੂੰਨ ਬਨਾਉਣ ਦੀ ਮੰਗ ਕੀਤੀ।ਕੌਮੀ ਖੇਤੀਬਾੜੀ ਮਾਰਕੀਟਿੰਗ ਨੀਤੀ ਨੂੰ ਤੁਰੰਤ ਵਾਪਿਸ ਲਿਆ ਜਾਵੇ, ਬਿਜਲੀ ਸੋਧ ਬਿੱਲ 2020 ਵਾਪਿਸ ਲਿਆ ਜਾਵੇ। ਕਿਸਾਨਾਂ ਤੇ ਕੀਤੇ ਪਰਚੇ ਰੱਦ ਕੀਤੇ ਜਾਣ, ਲਖੀਮਪੁਰ ਖੀਰੀ ਦੇ ਕਿਸਾਨਾਂ ਦੇ ਕਾਤਲਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਅਤੇ ਬਾਕੀ ਮੰਗਾਂ ਤੇ ਵਿਸਥਾਰਪੂਰਵਕ ਵਿਚਾਰ ਪ੍ਰਗਟ ਕੀਤੇ ਜਾਣ। ਇਸ ਸਮੇਂ ਰਾਮਜੀ ਦਾਸ ਚੋਹਾਨ, ਧਰਮਿੰਦਰ ਮੁਕੇਰੀਆਂ, ਕੁਲਭੂਸ਼ਨ ਕੁਮਾਰ, ਡਾ. ਸੁਖਦੇਵ ਢਿੱਲੋਂ, ਹਰਬੰਸ ਸਿੰਘ ਧੂਤ, ਪਰਮਜੀਤ ਸਿੰਘ ਜੋਹਲ, ਪਰਜੀਤ ਸਿੰਘ ਕਾਲਕਟ, ਜਸਵੰਤ ਸਿੰਘ ਲਾਬੜਾਂ, ਓਮ ਸਿੰਘ ਸਟਿਆਣਾ, ਪਰਮਿੰਦਰ ਸਿੰਘ ਭੂੰਗਾ, ਗੁਰਵਿੰਦਰ ਸਿੰਘ, ਤਰਲੋਕ ਸਿੰਘ ਮਣੀ ਅਤੇ ਸਰਪੰਚ ਪਰਮਜੀਤ ਸਿੰਘ (ਪੰਮਾ) ਸਤੌਰ, ਪ੍ਰੇਮ ਲਤਾ, ਸੁਰਿੰਦਰ ਚੁਭਰ ਅਤੇ ਹੋਰ ਸਾਥੀ ਸ਼ਾਮਿਲ ਸਨ।

# ਬਸਪਾ ਵੀ ਆਈ ਅਮ੍ਰਿਤ ਸ਼ਾਹ ਖਿਲਾਫ਼ ਸੜਕਾਂ ਤੇ ਹੁਸ਼ਿਆਰਪੁਰ ਚ

**ਹੁਸ਼ਿਆਰਪੁਰ (ਚਰਨਜੀਤ ਸੱਲ੍ਹਾ )** ਅੱਜ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਜ਼ਿਲ੍ਹਾ ਪ੍ਰਧਾਨ ਦਲਜੀਤ ਰਾਏ ਦੀ ਪ੍ਰਧਾਨਗੀ ਹੇਠ ਅਮਿਤ ਸ਼ਾਹ ਅਤੇ ਭਾਜਪਾ ਸਰਕਾਰ ਦੇ ਖਿਲਾਫ ਨਾਅਰੇਬਾਜ਼ੀ ਕਰਦਿਆਂ ਏ ਡੀ ਸੀ ਰਾਹੀਂ ਮਾਣਯੋਗ ਰਾਸ਼ਟਰਪਤੀ ਨੂੰ ਮੈਮੋਰੰਡਮ ਦਿੱਤਾ ਗਿਆ ਜਿਸ ਵਿੱਚ ਦੱਸਿਆ ਗਿਆ ਕਿ ਕਿਸ ਤਰ੍ਹਾਂ ਅਮਿਤ ਸ਼ਾਹ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਬਾਰੇ ਅਪਮਾਨਜਨਕ ਟਿੱਪਣੀਆਂ ਕੀਤੀਆਂ ਗਈਆਂ ਸਨ ਉਸ ਨੂੰ ਲੈ ਕੇ ਪੂਰੇ ਦੇਸ਼ ਅੰਦਰ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਅਮਿਤ ਸ਼ਾਹ ਅਤੇ ਭਾਰਤੀ ਜਨਤਾ ਪਾਰਟੀ ਦੇ ਖਿਲਾਫ਼ ਨਾਅਰੇਬਾਜ਼ੀ ਅਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਬਹੁਜਨ ਸਮਾਜ ਪਾਰਟੀ ਦੀ ਮੰਗ ਹੈ ਕਿ ਅਮਿਤ ਸ਼ਾਹ ਸਮੁੱਚੀ ਦੁਨੀਆਂ ਵਿੱਚ ਵੱਸਦੇ ਭਾਰਤੀਆਂ ਕੋਲੋਂ ਮਾਫੀ ਮੰਗੇ । ਇਸ ਮੌਕੇ ਵਿਸ਼ੇਸ਼ ਤੌਰ 'ਤੇ ਚੌਧਰੀ ਗੁਰਨਾਮ ਸਿੰਘ ਜਨਰਲ ਸਕੱਤਰ ਬਸਪਾ ਪੰਜਾਬ, ਮਨਿੰਦਰ ਸ਼ੇਰਪੁਰੀ ਸਕੱਤਰ



ਬਸਪਾ ਪੰਜਾਬ, ਡਾ. ਰਤਨ ਚੰਦ, ਨਿਸ਼ਾਨ ਚੌਧਰੀ, ਐਡਵੋਕੇਟ ਧਰਮਿੰਦਰ ਦਾਦਰਾ, ਐਡਵੋਕੇਟ ਮਲਕੀਤ ਸੀਕਰੀ, ਮਦਨ ਸਿੰਘ ਬੈਂਸ, ਐਡਵੋਕੇਟ ਪਲਵਿੰਦਰ ਮਾਨਾ, ਰੈਨੂੰ ਲੱਧੜ, ਬੀਬੀ ਕਰਿਸ਼ਣਾ ਦੇਵੀ, ਸੰਤੋਸ਼ ਰੱਲ, ਦਿਨੇਸ਼ ਪੱਪੂ,ਸੋਮਨਾਥ ਬੈਂਸ, ਯੱਸ਼ ਭੱਟੀ, ਹੈਪੀ ਫੰਬੀਆਂ, ਪੰਮਾ ਬੱਗੇਵਾਲ, ਮਾਸਟਰ ਗੁਰਦਿਆਲ, ਰਾਕੇਸ਼ ਕਿੱਟੀ, ਨਰਿੰਦਰ ਬੱਸੀ ਬੱਲੋਂ, ਗੁਲਸ਼ਨ ਕੰਟੀਆਂ, ਸੁਖਦੇਵ ਸਿੰਘ ਚੱਕਗੁੱਜਰਾਂ, ਗੁਰਮੁੱਖ ਪੰਡੋਰੀ, ਹੈਪੀ ਬੱਧਣ, ਦਰਸ਼ਨ ਲੱਧੜ, ਉਂਕਾਰ ਨੀਲਾ ਨਲੋਆ, ਵਿਜੈ ਖਾਨਪੁਰੀ ਅਤੇ ਹੋਰ ਵੀ ਸਾਥੀ ਹਾਜ਼ਰ ਸਨ।



# Samaj Weekly ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

**ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ**




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

**ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।**

**+44 7878 456484**

**email:-Samajweekly@gmail.com**